16-JAN-PAGE-1.qxd 1/15/2025 11:04 PM Page 1

ਵੀਰਵਾਰ, 16 ਜਨਵਰੀ, 2025
3 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 227

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • THURSDAY, 16 JANUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਸਾਡੀ ਲੜਾਈ ਇੰਡੀਅਨ ਸਟੇਟ ਨਾਲ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਬੁੱਧਵਾਰ ਕਿਹਾ ਕਿ ਭਾਜਪਾ ਤੇ ਆਰ ਐੱਸ ਐੱਸ ਨੇ ਦੇਸ਼ ਦੇ ਸਾਰੇ ਅਦਾਰਿਆਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਕਾਂਗਰਸ ਨਾ ਸਿਰਫ ਭਾਜਪਾ ਤੇ ਆਰ ਐੱਸ ਐੱਸ ਸਗੋਂ ਇੰਡੀਅਨ ਸਟੇਟ (ਭਾਰਤ ਸਰਕਾਰ) ਨਾਲ ਵੀ ਲੜਾਈ ਲੜ ਰਹੀ ਹੈ।

ਦਿੱਲੀ ਵਿੱਚ ਕਾਂਗਰਸ ਦੇ ਨਵੇਂ ਹੈੱਡਕੁਆਰਟਰ ਦੇ ਉਦਘਾਟਨ ਮੌਕੇ ਰਾਹੁਲ ਵੱਲੋਂ ਦਿੱਤੇ ਗਏ ਇਸ ਬਿਆਨ ਨਾਲ ਭਾਜਪਾ ਭੜਕ ਗਈ ਤੇ ਕਿਹਾ ਕਿ ਰਾਹੁਲ ਨੇ ਤਾਂ ਖੁੱਲ੍ਹੇਆਮ ਜੰਗ ਛੇੜ ਦਿੱਤੀ ਹੈ। ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ—ਰਾਹੁਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਭਾਰਤ ਨਾਲ ਲੜ ਰਹੇ ਹਨ। ਉਹ ਭਾਰਤ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਕਾਂਗਰਸ ਦਾ ਗੰਦਾ ਸੱਚ ਉਸ ਦੇ ਨੇਤਾ ਨੇ ਹੀ ਉਜਾਗਰ ਕਰ ਦਿੱਤਾ ਹੈ। ਮੈਂ ਰਾਹੁਲ ਦੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾ ਖੁਦ ਹੀ ਉਹ ਗੱਲ ਸਾਫ-ਸਾਫ ਕਹਿ ਦਿੱਤੀ ਜੋ ਕਿ ਪੂਰਾ ਦੇਸ਼ ਜਾਣਦਾ ਹੈ। ਉਹ ਭਾਰਤ ਸਰਕਾਰ ਦੇ ਖਿਲਾਫ ਹੀ ਲੜ ਰਹੇ ਹਨ। ਕਾਂਗਰਸ ਦਾ ਇਤਿਹਾਸ ਰਿਹਾ ਹੈ ਅਜਿਹੀਆਂ ਤਾਕਤਾਂ ਨੂੰ ਹੱਲਾਸ਼ੇਰੀ ਦੇਣ ਦਾ, ਜਿਹੜੀਆਂ ਦੇਸ਼ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ।

ਰਾਹੁਲ ਨੇ ਕਿਹਾ—ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਕਹਿ ਰਹੇ ਹਨ ਕਿ 1947 ਵਿੱਚ ਭਾਰਤ ਨੂੰ ਅਸਲੀ ਅਜ਼ਾਦੀ ਨਹੀਂ ਮਿਲੀ ਸੀ। ਇਹ ਬਿਆਨ ਸਾਡੇ ਅਜ਼ਾਦੀ ਘੁਲਾਟੀਆਂ ਦੇ ਨਾਲ-ਨਾਲ ਹਰ ਭਾਰਤੀ ਨਾਗਰਿਕ ਦਾ ਅਪਮਾਨ ਹੈ। ਭਾਗਵਤ ਦੇ ਬਿਆਨ ਦਾ ਸਾਡੇ ਸੰਵਿਧਾਨ 'ਤੇ ਹਮਲਾ ਹੈ। ਭਾਗਵਤ ਆਏ ਦਿਨ ਆਪਣੇ ਬਿਆਨਾਂ ਨਾਲ ਦੇਸ਼ ਨੂੰ ਇਹ ਦੱਸਦੇ ਰਹਿੰਦੇ ਹਨ ਕਿ ਉਹ ਅਜ਼ਾਦੀ ਅੰਦੋਲਨ ਤੇ ਸੰਵਿਧਾਨ ਬਾਰੇ ਕੀ ਸੋਚਦੇ ਹਨ। ਉਨ੍ਹਾ ਹਾਲ ਹੀ ਵਿੱਚ ਜੋ ਕਿਹਾ ਉਹ ਦੇਸ਼ਧ੍ਰੋਹ ਹੈ, ਕਿਉਂਕਿ ਉਨ੍ਹਾ ਦੇ ਬਿਆਨ ਦਾ ਮਤਲਬ ਹੈ ਕਿ ਸੰਵਿਧਾਨ ਦੀ ਕੋਈ ਤੁੱਕ ਨਹੀਂ। ਭਾਗਵਤ ਦੇ ਹਿਸਾਬ ਨਾਲ ਅੰਗਰੇਜ਼ਾਂ ਖਿਲਾਫ ਅਜ਼ਾਦੀ ਦੀ ਲੜਾਈ ਦਾ ਕੋਈ ਮਹੱਤਵ ਹੀ ਨਹੀਂ ਹੈ। ਮੋਹਨ ਭਾਗਵਤ ਜੇ ਕਿਸੇ ਹੋਰ ਦੇਸ਼ ਵਿੱਚ ਅਜਿਹੇ ਬਿਆਨ ਦਿੰਦੇ ਤਾਂ ਗ੍ਰਿਫਤਾਰ ਹੋ ਜਾਂਦੇ। ਉਨ੍ਹਾ ਖਿਲਾਫ ਕੇਸ ਵੀ ਚਲਾਇਆ ਜਾਂਦਾ।

ਭਾਗਵਤ ਨੇ 13 ਜਨਵਰੀ ਨੂੰ ਇੰਦੌਰ 'ਚ ਕਿਹਾ ਸੀ ਕਿ ਅਯੁੱਧਿਆ ਵਿੱਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਦੀ ਤਿੱਥ 'ਪ੍ਰਤਿਸ਼ਠਾ ਦਵਾਦਸੀ' ਦੇ ਰੂਪ ਮਨਾਉਣੀ ਚਾਹੀਦੀ ਹੈ, ਕਿਉਂਕਿ ਅਨੇਕ ਸਦੀਆਂ ਤੋਂ ਦੁਸ਼ਮਣਾਂ ਦੇ ਹਮਲੇ ਝੱਲਣ ਵਾਲੇ ਦੇਸ਼ ਦੀ ਸੱਚੀ ਅਜ਼ਾਦੀ ਇਸ ਦਿਨ ਮਿਲੀ ਸੀ।

ਭਾਗਵਤ ਨੇ ਅਜ਼ਾਦੀ ਬਾਰੇ ਬਿਆਨ ਕਿਸੇ ਹੋਰ ਦੇਸ਼ 'ਚ ਦਿੱਤਾ ਹੁੰਦਾ ਤਾਂ ਅੰਦਰ ਕਰ ਦੇਣਾ ਸੀ

ਰਾਹੁਲ ਨੇ ਕਿਹਾ—ਸਾਡੀ ਵਿਚਾਰਧਾਰਾ ਕੱਲ੍ਹ ਸਾਹਮਣੇ ਨਹੀਂ ਆਈ। ਸਾਡੀ ਵਿਚਾਰਧਾਰਾ ਹਜ਼ਾਰਾਂ ਸਾਲ ਪੁਰਾਣੀ ਹੈ। ਇਹ ਹਜ਼ਾਰਾਂ ਸਾਲਾਂ ਤੋਂ ਸੰਘ ਦੀ ਵਿਚਾਰਧਾਰਾ ਨਾਲ ਲੜ ਰਹੀ ਹੈ। ਸਾਡੇ ਆਪਣੇ ਪ੍ਰਤੀਕ ਹਨ। ਸਾਡੇ ਕੋਲ ਸ਼ਿਵ ਹਨ। ਸਾਡੇ ਕੋਲ ਗੁਰੂ ਨਾਨਕ ਹਨ। ਸਾਡੇ ਕੋਲ ਕਬੀਰ ਹਨ। ਸਾਡੇ ਕੋਲ ਮਹਾਤਮਾ ਗਾਂਧੀ ਹਨ। ਇਹ ਸਾਰੇ ਸਾਨੂੰ ਯਾਨੀ ਕਿ ਦੇਸ਼ ਨੂੰ ਸਹੀ ਰਾਹ ਦਿਖਾਉਂਦੇ ਹਨ। ਕੀ ਗੁਰੂ ਨਾਨਕ ਦੀ ਵਿਚਾਰਧਾਰਾ ਸੰਘ ਦੀ ਵਿਚਾਰਧਾਰਾ ਹੈ? ਕੀ ਬੁੱਧ ਸੰਘ ਦੀ ਵਿਚਾਰਧਾਰਾ ਹੈ? ਕੀ ਭਗਵਾਨ ਕ੍ਰਿਸ਼ਨ ਸੰਘ ਦੀ ਵਿਚਾਰਧਾਰਾ ਹੈ? ਇਨ੍ਹਾਂ ਵਿੱਚੋਂ ਕੋਈ ਨਹੀਂ। ਇਨ੍ਹਾਂ ਸਭ ਨੇ ਲੋਕਾਂ ਦੀ ਬਰਾਬਰੀ ਤੇ ਭਾਈਚਾਰੇ ਦੀ ਲੜਾਈ ਲੜੀ।

ਰਾਹੁਲ ਨੇ ਕਿਹਾ—ਇਹ ਨਾ ਸੋਚੋ ਕਿ ਅਸੀਂ ਨਿਰਪੱਖ ਲੜਾਈ ਲੜ ਰਹੇ ਹਾਂ। ਇਸ ਵਿੱਚ ਕੋਈ ਨਿਰਪੱਖਤਾ ਨਹੀਂ ਹੈ। ਜੇ ਤੁਸੀਂ ਮੰਨਦੇ ਹੋ ਕਿ ਅਸੀਂ ਭਾਜਪਾ ਜਾਂ ਆਰ ਐੱਸ ਐੱਸ ਨਾਮਕ ਸਿਆਸੀ ਸੰਗਠਨ ਨਾਲ ਲੜ ਰਹੇ ਹਾਂ ਤਾਂ ਤੁਸੀਂ ਸਮਝ ਨਹੀਂ ਪਾ ਰਹੇ ਕਿ ਕੀ ਚੱਲ ਰਿਹਾ ਹੈ। ਇਹ ਦੋ ਵਿਚਾਰਾਂ ਦੀ ਲੜਾਈ ਹੈ। ਇਕ ਸਾਡਾ ਵਿਚਾਰ ਹੈ, ਜੋ ਸੰਵਿਧਾਨ ਦਾ ਵਿਚਾਰ ਹੈ, ਦੂਜਾ ਆਰ ਐੱਸ ਐੱਸ ਦਾ ਵਿਚਾਰ ਹੈ, ਜੋ ਇਸ ਦੇ ਉਲਟ ਹੈ।

9 ਏ ਕੋਟਲਾ ਰੋਡ, ਨਵੀਂ ਦਿੱਲੀ 'ਚ ਕਾਂਗਰਸ ਦੇ ਨਵੇਂ ਹੈੱਡਕੁਆਰਟਰ 'ਇੰਦਰਾ ਗਾਂਧੀ ਭਵਨ' ਦਾ ਉਦਘਾਟਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸੋਨੀਆ ਗਾਂਧੀ ਨੇ ਕੀਤਾ।

ਡੱਲੇਵਾਲ ਨੂੰ ਚੁੱਕਣ ਦੀ ਤਿਆਰੀ!

ਪਾਤੜਾਂ : ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਮਰਨ ਵਰਤ 'ਤੇ ਚੱਲ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਇਲਾਜ ਲਈ ਪੁਲਸ ਵੱਲੋਂ ਕਿਸੇ ਵੀ ਸਮੇਂ ਚੁੱਕ ਲੈਣ ਦੀ ਚਰਚਾ ਬੁੱਧਵਾਰ ਗਰਮ ਰਹੀ। ਇਸ ਨੂੰ ਇਸ ਕਰਕੇ ਬਲ ਮਿਲਿਆ ਕਿ ਢਾਬੀ ਗੁੱਜਰਾਂ ਬਾਰਡਰ ਅਤੇ ਹਰਿਆਣਾ ਦੇ ਬੈਰੀਕੇਡਿੰਗ ਵਿਚਾਲੇ ਹਰਿਆਣਾ ਦੀ ਖਾਲੀ ਪਈ ਥਾਂ ਉਤੇ ਹਰਿਆਣਾ ਪੁਲਸ ਦੀ ਕਾਫੀ ਨਫਰੀ ਇਕੱਠੀ ਹੋਈ ਨਜ਼ਰ ਆਈ। ਇਸੇ ਥਾਂ 'ਤੇ ਪਿਛਲੇ ਸਾਲ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਗੋਲੀ ਲੱਗਣ ਨਾਲ ਮੌਤ ਹੋਈ ਸੀ। ਦੂਜੇ ਪਾਸੇ ਇਸ ਦੇ ਟਾਕਰੇ ਲਈ ਕਿਸਾਨਾਂ ਆਗੂਆਂ ਵੱਲੋਂ ਵੀ ਕਿਸਾਨਾਂ ਤੇ ਆਮ ਲੋਕਾਂ ਨੂੰ ਇਕੱਠੇ ਹੋਣ ਦੀਆਂ ਅਪੀਲਾਂ ਕੀਤੀਆਂ ਗਈਆਂ। ਉਕਤ ਬਾਰਡਰ 'ਤੇ ਕਿਸਾਨਾਂ ਨੇ ਪਹਿਲਾਂ ਹੀ ਮਜ਼ਬੂਤ ਕਿਲ੍ਹੇਬੰਦੀ ਕਰਨ ਤੋਂ ਇਲਾਵਾ ਪਦਾਰਥ ਖੇੜਾ ਨੂੰ ਜਾਂਦੀ ਸੜਕ ਤੋਂ ਥੋੜ੍ਹਾ ਜਿਹਾ ਅੱਗੇ ਟਰਾਲੀਆਂ ਲਾ ਕੇ ਪੱਕੇ ਤੌਰ 'ਤੇ ਸਟੇਜ ਵੱਲ ਜਾਣ ਵਾਲੇ ਵਾਹਨ ਰੋਕ ਦਿੱਤੇ ਹਨ ਅਤੇ ਸਟੇਜ ਵੱਲ ਜਾਣ ਵਾਲੇ ਹਰ ਵਿਅਕਤੀ ਉੱਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ।

ਹਰਿਆਣਾ ਪੁਲਸ ਦਾ ਜਮਾਵੜਾ।

111 ਕਿਸਾਨਾਂ ਵੱਲੋਂ ਮਰਨ ਵਰਤ ਸ਼ੁਰੂ

ਪਾਤੜਾਂ : ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚਾ ਦੀ ਅਗਵਾਈ ਹੇਠ 111 ਕਿਸਾਨਾਂ ਦੇ ਜਥੇ ਨੇ ਬੁੱਧਵਾਰ ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ। ਕਿਸਾਨਾਂ ਦੇ ਇਸ ਜਥੇ ਨੇ ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਹਰਿਆਣਾ ਪੁਲਸ ਵੱਲੋਂ ਕੀਤੀ ਗਈ ਬੈਰੀਕੇਡਿੰਗ ਕੋਲ ਸ਼ਾਂਤਮਈ ਧਰਨਾ ਦੇਣ ਤੋਂ ਬਾਅਦ ਆਪਣਾ ਮਰਨ ਵਰਤ ਸ਼ੁਰੂ ਕੀਤਾ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਹ ਭੁੱਖ-ਹੜਤਾਲ ਨਾ ਹੋ ਕੇ ਮਰਨ ਵਰਤ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਵੀ ਮਰਨ ਵਰਤ ਉਦੋਂ ਰੱਖਣਾ ਪਿਆ, ਜਦੋਂ ਸਰਕਾਰ ਨੇ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰ ਰੱਖਿਆ ਸੀ ਤੇ ਹੁਣ 111 ਕਿਸਾਨਾਂ ਨੂੰ ਮਰਨ ਵਰਤ 'ਤੇ ਬੈਠਣਾ ਪਿਆ ਹੈ। ਕਿਸਾਨ ਆਗੂ ਯਾਦਵਿੰਦਰ ਬੁਰਜ਼ ਨੇ ਕਿਹਾ ਕਿ ਡੱਲੇਵਾਲ ਨੇ ਸਾਰਿਆਂ 'ਚ ਉਤਸ਼ਾਹ ਭਰਿਆ ਹੈ ਅਤੇ ਹੁਣ ਹਜ਼ਾਰਾਂ ਕਿਸਾਨ ਮਰਨ ਲਈ ਤਿਆਰ ਹਨ। ਇਸ ਅੰਦੋਲਨ ਲਈ ਕਿਸਾਨਾਂ ਦਾ ਜੋਸ਼ ਸਿਖਰਾਂ ਉਤੇ ਪੁੱਜਿਆ ਹੋਇਆ ਹੈ।

ਡੱਲੇਵਾਲ ਦੀਆਂ ਮੈਡੀਕਲ ਰਿਪੋਰਟਾਂ ਏਮਜ਼ ਤੋਂ ਚੈੱਕ ਕਰਾਉਣ ਦੇ ਹੁਕਮ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬੁੱਧਵਾਰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੇ ਡਾਇਰੈਕਟਰ ਨੂੰ ਹੁਕਮ ਦਿੱਤਾ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਬਾਰੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਦੀ ਜਾਂਚ ਕਰਨ ਲਈ ਮਾਹਰਾਂ ਦਾ ਇਕ ਪੈਨਲ ਕਾਇਮ ਕੀਤਾ ਜਾਵੇ। ਉਸ ਨੇ ਇਹ ਹੁਕਮ ਇਸ ਕਾਰਨ ਸੁਣਾਏ ਕਿ ਡੱਲੇਵਾਲ ਦੀ ਸਿਹਤ ਦੇ ਮਾਮਲੇ ਉਤੇ ਬੁੱਧਵਾਰ ਅਦਾਲਤ ਵਿੱਚ ਹੋਈ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ ਕਿਸਾਨ ਆਗੂ ਦੇ ਸਿਹਤ ਮਾਪਦੰਡ ਸਥਿਰ ਹਨ ਅਤੇ ਸੁਧਰ ਰਹੇ ਹਨ।

ਸੁਪਰੀਮ ਕੋਰਟ ਦੇ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੀ ਬੈਂਚ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਹਦਾਇਤ ਦਿੱਤੀ ਕਿ ਉਹ ਦਿਨ ਵੇਲੇ ਡੱਲੇਵਾਲ ਦੀ ਸਿਹਤ ਬਾਰੇ 19 ਦਸੰਬਰ, 24 ਦਸੰਬਰ ਅਤੇ 30 ਦਸੰਬਰ 2024 ਅਤੇ 3 ਜਨਵਰੀ, 9 ਜਨਵਰੀ ਅਤੇ 14 ਜਨਵਰੀ 2025 ਦੀਆਂ ਛੇ ਮੈਡੀਕਲ ਰਿਪੋਰਟਾਂ ਦਾ ਸੰਗ੍ਰਹਿ ਸੁਪਰੀਮ ਕੋਰਟ ਦੇ ਰਜਿਸਟਰਾਰ (ਨਿਆਂਇਕ) ਨੂੰ ਸੌਂਪ ਦੇਣ। ਬੈਂਚ ਨੇ ਸੁਪਰੀਮ ਕੋਰਟ ਦੇ ਰਜਿਸਟਰਾਰ ਨੂੰ ਹਦਾਇਤ ਦਿੱਤੀ ਕਿ ਉਹ ਮਾਹਰ ਪੈਨਲ ਤੋਂ ਡੱਲੇਵਾਲ ਦੀਆਂ ਟੈਸਟ

● ਬਾਕੀ ਸਫ਼ਾ 2 'ਤੇ

ਮੁਕਾਬਲੇ 'ਚ ਦੋ ਗੈਂਗਸਟਰ ਗ੍ਰਿਫ਼ਤਾਰ

ਜਲੰਧਰ (ਸ਼ੈਲੀ ਐਲਬਰਟ)-ਜਲੰਧਰ ਕਮਿਸ਼ਨਰੇਟ ਪੁਲਸ ਨੇ ਵਡਾਲਾ ਚੌਕ ਨੇੜੇ ਦਿਓਲ ਨਗਰ 'ਚ ਬੁੱਧਵਾਰ ਸਵੇਰੇ ਮੁਕਾਬਲੇ ਦੌਰਾਨ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ ਦੋ ਮੁੱਖ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਬਦਨਾਮ ਗੈਂਗਸਟਰ ਬਲਰਾਜ ਸਿੰਘ ਉਰਫ ਬੱਲੂ ਤੇ ਪਵਨ ਕੁਮਾਰ ਜਲੰਧਰ 'ਚ ਕਿਸੇ ਵੱਡੀ ਵਾਰਦਾਤ ਲਈ ਘੁੰਮ ਰਹੇ ਸਨ। ਇਸ ਦੌਰਾਨ ਪੁਲਸ ਟੀਮਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਬੈਰੀਕੇਡਿੰਗ ਕਰਕੇ ਨਾਕਾਬੰਦੀ ਕੀਤੀ। ਚੈਕਿੰਗ ਦੌਰਾਨ ਇੱਕ ਸ਼ੱਕੀ ਕਾਰ ਨੂੰ ਰੁਕਣ ਲਈ ਕਿਹਾ ਤਾਂ ਬਲਰਾਜ ਨੇ ਗੋਲੀ ਚਲਾ ਦਿੱਤੀ। ਪੁਲਸ ਨੇ ਜਵਾਬੀ ਕਾਰਵਾਈ ਵਿੱਚ ਬਲਰਾਜ ਨੂੰ ਲੱਤ 'ਚ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ, ਜਦਕਿ ਪਵਨ ਨੂੰ ਵੀ ਭੱਜਣ ਦੀ ਕੋਸ਼ਿਸ਼ ਦੌਰਾਨ ਗ੍ਰਿਫਤਾਰ ਕਰ ਲਿਆ। ਇਨ੍ਹਾਂ ਤੋਂ ਦੋ ਪਿਸਤੌਲ, ਕਾਰਤੂਸ ਤੇ ਕਾਰ ਬਰਾਮਦ ਹੋਈ। ਡੀ ਜੀ ਪੀ ਗੌਰਵ ਯਾਦਵ ਨੇ ਇਸ ਨੂੰ ਜਲੰਧਰ ਕਮਿਸ਼ਨਰੇਟ ਪੁਲਸ ਦੀ ਵੱਡੀ ਸਫਲਤਾ ਕਰਾਰ ਦਿੱਤਾ ਹੈ।

ਬਾਪੂ ਸੂਰਤ ਸਿੰਘ ਖਾਲਸਾ ਦਾ ਦੇਹਾਂਤ

ਲੁਧਿਆਣਾ : ਬਾਪੂ ਸੂਰਤ ਸਿੰਘ ਖਾਲਸਾ (91) ਦਾ ਅਮਰੀਕਾ 'ਚ ਦੇਹਾਂਤ ਹੋ ਗਿਆ।

ਸਿੱਖ ਕਾਰਕੁਨ ਬਾਪੂ ਸੂਰਤ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ 8 ਸਾਲ ਤੱਕ ਭੁੱਖ-ਹੜਤਾਲ ਕੀਤੀ ਸੀ। ਉਦੋਂ ਉਨ੍ਹਾ ਦੀ ਉਮਰ 82 ਸਾਲ ਸੀ। ਉਨ੍ਹਾ 16 ਜਨਵਰੀ 2015 ਨੂੰ ਭੁੱਖ-ਹੜਤਾਲ ਸ਼ੁਰੂ ਕੀਤੀ ਸੀ ਅਤੇ 14 ਜਨਵਰੀ 2023 ਨੂੰ ਤੋੜੀ। ਉਨ੍ਹਾ ਨੂੰ ਨੱਕ ਰਾਹੀਂ ਭੋਜਨ ਦਿੱਤਾ ਜਾਂਦਾ ਸੀ। ਉਨ੍ਹਾ ਭੁੱਖ-ਹੜਤਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਸਨਪੁਰ ਸਥਿਤ ਆਪਣੇ ਘਰ ਤੋਂ ਸ਼ੁਰੂ ਕੀਤੀ, ਪਰ ਬਹੁਤਾ ਸਮਾਂ ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਬਿਤਾਇਆ।

ਬਿਧੂੜੀ ਨਹੀਂ ਟਲਦਾ

ਨਵੀਂ ਦਿੱਲੀ : ਭਾਜਪਾ ਆਗੂ ਰਮੇਸ਼ ਬਿਧੂੜੀ ਨੇ ਮੁੱਖ ਮੰਤਰੀ ਆਤਿਸ਼ੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਹੈ—ਦਿੱਲੀ ਕੀ ਜਨਤਾ ਨਰਕ ਭੋਗ ਰਹੀ ਹੈ ਗਲੀਓਂ ਮੇਂ...ਗਲੀਓਂ ਕੀ ਹਾਲਤ ਦੇਖੀਏ...ਕਭੀ ਆਤਿਸ਼ੀ ਨਹੀਂ ਗਈ ਮਿਲਨੇ ਲੋਗੋਂ ਸੇ। ਲੇਕਿਨ ਅਬ ਚੁਨਾਵ ਕੇ ਸਮਯ ਜੈਸੇ ਜੰਗਲ ਮੇਂ ਹਿਰਨੀ ਭਾਗਤੀ ਹੈ ਵੈਸੇ ਆਤਿਸ਼ੀ ਦਿੱਲੀ ਕੀ ਸੜਕੋਂ ਪਰ ਹਿਰਨੀ ਜੈਸੇ ਘੂਮ ਰਹੀ ਹੈ। ਬਿਧੂੜੀ 2014 ਤੋਂ 2024 ਤੱਕ ਦੱਖਣੀ ਦਿੱਲੀ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ ਤੇ ਹੁਣ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੇ ਉਨ੍ਹਾ ਨੂੰ ਕਾਲਕਾਜੀ ਹਲਕੇ 'ਚ ਆਤਿਸ਼ੀ ਦੇ ਖਿਲਾਫ ਉਤਾਰਿਆ ਹੈ। ਬਿਧੂੜੀ ਨੇ ਆਤਿਸ਼ੀ ਬਾਰੇ ਪਹਿਲੀ ਵਾਰ ਹੀ ਅਜਿਹਾ ਬਿਆਨ ਨਹੀਂ ਦਿੱਤਾ ਹੈ। ਉਨ੍ਹਾ 6 ਜਨਵਰੀ ਨੂੰ ਰੋਹਿਣੀ 'ਚ ਚੋਣ ਰੈਲੀ ਵਿੱਚ ਕਿਹਾ ਸੀ—ਇਹ ਆਤਿਸ਼ੀ ਮਾਰਲੇਨਾ (ਆਤਿਸ਼ੀ ਪਹਿਲਾਂ ਇਹ ਸਰਨੇਮ ਵਰਤਦੀ ਸੀ) ਹੁਣ ਆਤਿਸ਼ੀ ਸਿੰਘ ਬਣ ਗਈ ਹੈ। ਕੇਜਰੀਵਾਲ ਨੇ ਕੁਰੱਪਟ ਕਾਂਗਰਸ ਨਾਲ ਨਾ ਜਾਣ ਲਈ ਆਪਣੇ ਬੱਚਿਆਂ ਦੀ ਸਹੁੰ ਖਾਧੀ, ਮਾਰਲੇਨਾ ਨੇ ਪਿਤਾ ਬਦਲ ਲਿਆ। ਪਹਿਲਾਂ ਉਹ ਮਾਰਲੇਨਾ ਸੀ ਤੇ ਹੁਣ ਸਿੰਘ ਬਣ ਗਈ ਹੈ। ਇਹ ਹੈ ਇਨ੍ਹਾਂ ਦਾ ਕਿਰਦਾਰ। ਪਿਛਲੇ ਦਿਨੀਂ ਹੀ ਬਿਧੂੜੀ ਨੇ ਕਿਹਾ ਸੀ ਕਿ ਭਾਜਪਾ ਜਿੱਤ ਗਈ ਤਾਂ ਦਿੱਲੀ ਦੀਆਂ ਸੜਕਾਂ ਪ੍ਰਿਅੰਕਾ ਗਾਂਧੀ ਦੀਆਂ ਗੱਲ੍ਹਾਂ ਵਰਗੀਆਂ ਬਣਾ ਦੇਵਾਂਗੇ। ਭਾਜਪਾ ਹਾਈਕਮਾਨ ਉਨ੍ਹਾ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਉਨ੍ਹਾ ਨੂੰ ਨਿੱਜੀ ਹਮਲੇ ਕਰਨ ਤੋਂ ਵਰਜਦੀ ਹੈ ਪਰ ਉਹ ਟਲ ਨਹੀਂ ਰਹੇ।

ਪਣਡੁੱਬੀ ਤੇ ਦੋ ਜੰਗੀ ਜਹਾਜ਼ ਨੇਵੀ ਹਵਾਲੇ

ਮੁੰਬਈ : ਆਈ ਐੱਨ ਐੱਸ ਸੂਰਤ, ਆਈ ਐੱਨ ਐੱਸ ਨੀਲਗਿਰੀ ਅਤੇ ਆਈ ਐੱਨ ਐੱਸ ਵਾਘਸ਼ੀਰ ਨੂੰ ਬੁੱਧਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ 'ਚ ਇੱਥੇ ਜਲ ਸੈਨਾ ਡੌਕਯਾਰਡ ਵਿਖੇ ਕਮਿਸ਼ਨ ਕੀਤਾ ਗਿਆ। ਸਮੁੰਦਰ

16-JAN-PAGE-1.qxd 1/15/2025 11:05 PM Page 2

ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰੇ : ਬਾਬਾ ਬਲਬੀਰ ਸਿੰਘ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਚਾਲੀ ਮੁਕਤਿਆਂ ਨੂੰ ਸਮਰਪਤ ਮਹੱਲੇ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਬੇਇਨਸਾਫੀ ਕਰ ਰਹੀ ਹੈ।ਕਿਸਾਨਾਂ ਨੂੰ ਹੱਕੀ ਮੰਗਾਂ ਮਨਵਾਉਣ ਲਈ ਆਪਣੀਆਂ ਅਹੂਤੀਆਂ ਦੇਣੀਆਂ ਪੈ ਰਹੀਆਂ ਹਨ।ਉਨ੍ਹਾਂ ਕੇਂਦਰ ਸਰਕਾਰ ਨੂੰ ਕੁੰਭ ਕਰਨ ਦੀ ਨੀਂਦ ਤੋਂ ਉਠਾਉਂਦਿਆਂ ਕਿਹਾ ਕਿ ਕਿਸਾਨਾਂ ਨਾਲ ਜੋ ਸਲੂਕ ਕੀਤਾ ਜਾ ਰਿਹਾ ਹੈ, ਇਸ ਦੇ ਸਾਰਥਿਕ ਸਿੱਟੇ ਨਹੀਂ ਸਗੋਂ ਦੂਖਦ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨ ਕੇ ਕੇਂਦਰ ਸਰਕਾਰ ਭੁੱਖ ਹੜਤਾਲ ਤੋਂ ਬੈਠੇ ਕਿਸਾਨਾਂ ਨੂੰ ਸੁੱਖੀਂ ਸਾਂਦੀ ਘਰਾਂ ਨੂੰ ਤੋਰਨਾ ਚਾਹੀਦਾ ਹੈ।ਆਏ ਦਿਨ ਹੜਤਾਲ 'ਤੇ ਬੈਠੇ ਕਿਸਾਨਾਂ ਦੀਆਂ ਸ਼ਹੀਦੀਆਂ ਹੋ ਰਹੀਆਂ ਹਨ। ਇਨ੍ਹਾਂ ਦਾ ਇਵਜਾਨਾਂ ਸਰਕਾਰਾਂ ਨੂੰ ਭੁਗਤਣਾ ਪਵੇਗਾ।ਕਿਸਾਨ ਆਗੂ ਡੱਲੇਵਾਲ ਦੀ ਸਿਹਤ ਨਾਜ਼ੁਕ ਹੈ, ਉਸ ਨੂੰ ਬਚਾਉਣ ਲਈ ਸਰਕਾਰ ਸਾਰਥਿਕ ਹੱਲ ਕੱਢ

ਸਕੂਲੀ ਬੱਚਿਆਂ ਨੂੰ ਬੂਟ-ਜੁਰਾਬਾਂ ਵੰਡੀਆਂ

ਮੂਣਕ (ਰਾਜਪਾਲ ਸਿੰਗਲਾ) ਪਿੰਡ ਸ਼ੇਰਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਕੜਾਕੇ ਦੀ ਸਰਦੀ ਨੂੰ ਮੁੱਖ ਰੱਖਦੇ ਹੋਏ ਸਮਾਜ ਸੇਵੀ ਦੇ ਵੱਲੋਂ ਸਕੂਲੀ ਬੱਚਿਆਂ ਨੂੰ ਬੂਟ ਤੇ ਜੁਰਾਬਾਂ ਵੰਡੀਆਂ ਗਈਆਂ। ਪਿੰਡ ਸ਼ੇਰਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਮੁੱਖ ਅਧਿਆਪਕ ਗੀਨਾ ਰਾਣੀ ਨੇ ਕਿਹਾ ਕਿ ਸਕੂਲ ਦੀ ਅਧਿਆਪਕ ਸੁਖਦੀਪ ਕੌਰ, ਪਰਮਜੀਤ ਕੌਰ ਤੇ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ ਸਮੂਹ ਪੰਚਾਇਤ ਮੈਂਬਰਾਂ ਦੀ ਹਾਜ਼ਰੀ ਵਿੱਚ ਪਿੰਡ ਦੇ ਹੀ ਸਮਾਜ ਸੇਵੀ ਆਗੂ ਰਣਜੀਤ ਸਿੰਘ ਨੇ ਆਪਣੇ ਪੁੱਤਰ ਇੰਸਪੈਕਟਰ ਸੁਰਿੰਦਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਦੇ ਵਿੱਚ ਮਾਘੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਜਰੂਰਤ ਮੰਦ ਸਕੂਲੀ ਬੱਚਿਆਂ ਨੂੰ ਬੂਟ ਤੇ ਜੁਰਾਬਾਂ ਵੰਡੀਆਂ ਮੁੱਖ ਅਧਿਆਪਕਾ ਗੀਨਾ ਰਾਣੀ ਨੇ ਕਿਹਾ ਕਿ ਇਹ ਇੱਕ ਵੱਡਾ ਉਪਰਾਲਾ ਹੈ। ਪੈ ਰਹੀ ਕੜਾਕੇ ਦੀ ਸਰਦੀ ਵਿੱਚ ਬੂਟ ਜੁਰਾਬ ਵੰਡਣ ਦੇ ਨਾਲ ਜਿੱਥੇ ਸਮਾਜ ਸੇਵਾ ਦਾ ਕੰਮ ਹੈ, ਉੱਥੇ ਹੀ ਬੱਚਿਆਂ ਨੂੰ ਠੰਡ ਤੋਂ ਵੀ ਰਾਹਤ ਮਿਲੇਗੀ।

ਪਲਾਟ ਦੇ ਨਾਂਅ 'ਤੇ ਮਾਰੀ 66 ਲੱਖ 60 ਹਜ਼ਾਰ ਦੀ ਠੱਗੀ, ਦੋ ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ): ਫ਼ਿਰੋਜ਼ਪੁਰ 'ਚ ਇਕ ਵਿਅਕਤੀ ਨਾਲ ਪਲਾਟ ਦੇ ਨਾਂਅ 'ਤੇ 66 ਲੱਖ 60 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ ਦੋ ਵਿਅਕਤੀਆਂ ਖਿਲਾਫ 420, 120-ਬੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਿਪੁਲ ਗੋਇਲ ਪੁੱਤਰ ਹਰੀਸ਼ ਗੋਇਲ ਵਾਸੀ ਮਕਾਨ ਨੰਬਰ 20 ਬਾਜ਼ਾਰ ਨੰਬਰ 4 ਫਿਰੋਜ਼ਪੁਰ ਕੈਂਟ ਨੇ ਦੱਸਿਆ ਕਿ ਮੋਹਿਤ ਅਗਰਵਾਲ ਪੁੱਤਰ ਰਜਿੰਦਰ ਅਗਰਵਾਲ ਪ੍ਰੋਪਰਟੀ ਡੀਲਰ ਦਾ ਕੰਮ ਕਰਦਾ ਹੈ ਤੇ ਅਪ੍ਰੈਲ 2023 ਵਿਚ ਉਸ ਵੱਲੋਂ ਨੂੰ ਨੂੰ ਕਿਹਾ ਕਿ ਮੋਗਾ ਰੋਡ ਵਿਖੇ ਪੀਜੀਆਈ ਬਣ ਰਿਹਾ ਹੈ, ਤੁਸੀਂ ਨੇੜੇ ਇਕ ਪਲਾਟ ਖਰੀਦ ਕੇ ਰੱਖ ਲਓ ਤੇ ਇਕ 12 ਮਰੇ ਦਾ ਪਲਾਟ ਦਿਖਾਇਆ ਤੇ ਪੈਸਿਆਂ ਦੀ ਮੰਗ ਕਰਨ ਤੇ ਮਿਤੀ 4 ਮਈ 2023 ਨੂੰ ਮੋਹਿਤ ਅਗਰਵਾਲ ਤੇ ਹਰਸ਼ਿਤਾ ਅਗਰਵਾਲ ਪਤਨੀ ਰਜਿੰਦਰ ਅਗਰਵਾਲ ਦੇ ਅਕਾਊਂਟ ਵਿਚ 5-5 ਲੱਖ ਰੁਪਏ ਟਰਾਂਸਫਰ ਕੀਤੇ ਗਏ ਤੇ ਫਿਰ ਮਿਤੀ 8 ਮਈ 2024 2023 ਨੂੰ ਦੋਵੇਂ ਖਾਤਿਆਂ ਵਿਚ 2-2 ਲੱਖ ਰੁਪਏ ਟਰਾਂਸਫਰ ਕੀਤੇ।

ਵਿਪੁਲ ਗੋਇਲ ਨੇ ਦੱਸਿਆ ਕਿ ਫਿਰ ਮਿਤੀ 19 ਜੂਨ 2023 ਨੂੰ ਮੋਹਿਤ ਅਗਰਵਾਲ ਦੇ ਖਾਤੇ ਵਿੱਚ 60 ਹਜ਼ਾਰ ਰੁਪਏ ਤੇ ਮਿਤੀ 18 ਅਕਤੂਬਰ 2023 ਨੂੰ ਦੋਵਾਂ ਦੇ ਖਾਤਿਆਂ ਵਿਚ ਇੱਕ-ਇੱਕ ਲੱਖ ਰੁਪਏ ਕੁਲ 16 ਲੱਖ 60 ਹਜ਼ਾਰ ਰੁਪਏ ਟਰਾਂਸਫਰ ਕੀਤੇ ਗਏ। ਵਿਪੁਲ ਗੋਇਲ ਨੇ ਦੱਸਿਆ ਕਿ ਸਤੰਬਰ 2024 ਵਿਚ ਮੋਹਿਤ ਅਗਰਵਾਲ ਨੇ ਉਸ ਨੂੰ ਕਹਿਣ ਲੱਗਾ ਕਿ ਤੁਹਾਡੇ ਵੱਲੋਂ ਟੁੱਟਵੀਂ ਰਕਮ ਦੇਣ ਵਿੱਚ ਦੇਰੀ ਹੋਣ ਕਰਕੇ ਉਕਤ ਪਲਾਟ ਵਿਕ ਗਿਆ ਹੈ ਤੇ ਹੁਣ ਇਕ ਪਲਾਟ ਵਾਕਿਆਂ ਗੋਬਿੰਦ ਇਨਕਲੇਵ ਮੋਗਾ ਰੋਡ ਫਿਰੋਜ਼ਪੁਰ ਵਿਖੇ 55 ਮਰਲੇ ਦਾ ਹੈ, ਜਿਸ ਦੀ ਕੀਮਤ 1 ਕਰੋੜ 20 ਲੱਖ ਰੁਪਏ ਹੈ ਤੇ ਤੁਸੀਂ 50 ਲੱਖ ਰੁਪਏ ਹੋਰ ਦਿਓ ਤਾਂ ਮਿਤੀ 12 ਦਸੰਬਰ 2024 ਨੂੰ ਉਸ ਨੇ ਆਪਣੀ ਦੁਕਾਨ 'ਤੇ ਦੋਸ਼ੀਅਨ ਨੂੰ 50 ਲੱਖ ਰੁਪਏ ਨਗਦ ਦੇ ਦਿੱਤੇ। ਵਿਪੁਲ ਗੋਇਲ ਨੇ ਦੱਸਿਆ ਕਿ ਉਸ ਨੂੰ ਬਾਅਦ ਵਿਚ ਪਤਾ ਲੱਗਾ ਹੈ ਕਿ ਮੋਹਿਤ ਅਗਰਵਾਲ ਉਸ ਨਾਲ ਪੈਸਿਆਂ ਦੀ ਠੱਗੀ ਮਾਰ ਕੇ ਫਰਾਰ ਹੋ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹੇਸ਼ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਫੈਜ਼ਗੜ੍ਹ ਦੇ ਸਕੂਲ 'ਚ ਬੱਚਿਆਂ ਨੂੰ ਦਿੱਤੀ ਗਈ ਵਰਦੀ

ਨਾਭਾ (ਵਰਿੰਦਰ ਵਰਮਾ) ਪਿੰਡ ਫੈਜਗੜ੍ਹ ਵਿਖੇ ਸਮਾਜ ਸੇਵੀ ਪਰਿਵਾਰ ਵੱਲੋਂ ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਵਿਖੇ ਬੱਚਿਆਂ ਨੂੰ ਵਰਦੀ, ਜੁਰਾਬਾਂ ਅਤੇ ਬੂਟ ਦਿੱਤੇ ਗਏ।ਇਸ ਮੌਕੇ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਜੁਆਇੰਟ ਸਕੱਤਰ ਪੰਜਾਬ ਗੁਰਪ੍ਰੀਤ ਸਿੰਘ ਗੋਪੀ ਫੈਜਗੜ੍ਹ ਨੇ ਕਿਹਾ ਕਿ ਮੇਰੀ ਮਾਤਾ ਸੁਖਵਿੰਦਰ ਕੌਰ ਜੀ ਦੀ ਪਹਿਲੀ ਬਰਸੀ ਮੌਕੇ ਇਹ ਉਪਰਾਲਾ ਕੀਤਾ ਗਿਆ ਹੈ।ਸਾਡੇ ਪਰਿਵਾਰ ਵੱਲੋਂ ਅਜਿਹੇ ਉਪਰਾਲੇ ਪਹਿਲਾਂ ਵੀ ਕੀਤੇ ਜਾਂਦੇ ਸਨ ਅਤੇ ਅੱਗੇ ਤੋਂ ਵੀ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਵੱਲੋਂ ਵੀ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਸਕੂਲ ਇੰਚਾਰਜ ਨਰੇਸ਼ ਕੁਮਾਰ ਅਤੇ ਟੀਚਰ ਗੋਪਾਲ ਨੇ ਸਮਾਜ ਸੇਵੀ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਸਕੂਲਾਂ ਨੂੰ ਮਦਦ ਦਿੱਤੀ ਜਾ ਰਹੀ ਹੈ, ਉੱਥੇ ਹੀ ਸਮਾਜ ਸੇਵੀ ਪਰਵਾਰਾਂ ਵੱਲੋਂ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ।ਅਸੀਂ ਆਸ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਸਮਾਜ ਭਲਾਈ ਦੇ ਕਾਰਜ ਹਰ ਸੰਸਥਾਵਾਂ ਨੂੰ ਕਰਨੇ ਚਾਹੀਦੇ ਹਨ ਤਾਂ ਜੁ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾ ਸਕੇ।

ਪੰਚਾਇਤ ਯੂਨੀਅਨ ਵੱਲੋਂ ਬੀ ਡੀ ਪੀ ਓ ਦਫ਼ਤਰ ਅੱਗੇ ਲਾਇਆ ਧਰਨਾ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ) ਪੰਚਾਇਤ ਯੂਨੀਅਨ ਬਲਾਕ ਧੂਰੀ ਵੱਲੋਂ ਪ੍ਰਧਾਨ ਜਗਸੀਰ ਸਿੰਘ ਜੱਗਾ ਭੋਜੋਵਾਲੀ ਤੇ ਸੀ. ਮੀਤ ਪ੍ਰਧਾਨ ਹਰਜੀਤ ਸਿੰਘ ਬੁਗਰਾ ਦੀ ਅਗਵਾਈ ਹੇਠ ਬੀਡੀਪੀਓ ਦਫ਼ਤਰ ਵਿਖੇ ਧਰਨਾ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਬੁਗਰਾ ਨੇ ਕਿਹਾ ਕਿ ਜਥੇਬੰਦੀ ਪੰਚਾਇਤ ਚੋਣਾਂ ਤੋਂ ਬਾਅਦ ਲਗਾਤਾਰ ਪੰਚਾਇਤਾਂ ਨੂੰ ਮੁਕੰਮਲ ਰਿਕਾਰਡ ਦੇਣ, ਪ੍ਰਬੰਧਕਾਂ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਦੀ ਜਾਂਚ ਕਰਾਉਣ ਦੀ ਮੰਗ ਕਰਦੀ ਆ ਰਹੀ ਹੈ, ਪਰ ਸੱਤਾਧਾਰੀਆਂ ਦੇ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਤੋਂ ਬਾਅਦ ਅੱਜ ਤੱਕ ਸਰਪੰਚਾਂ ਨੂੰ ਲਾਰਿਆਂ ਤੋਂ ਸਿਵਾਏ ਕੁੱਝ ਵੀ ਨਹੀਂ ਮਿਲਿਆ।ਉਨ੍ਹਾਂ ਦੋਸ਼ ਲਾਇਆ ਕਿ ਅੱਜ ਤੱਕ 90 ਫੀਸਦੀ ਪੰਚਾਇਤਾਂ ਨੂੰ ਕੈਸ਼ ਬੁੱਕਾਂ ਵੀ ਨਹੀਂ ਦਿੱਤੀਆਂ ਗਈਆਂ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕਾਂ ਨੇ ਆਸ ਅਤੇ ਉਮੀਦਾਂ ਨਾਲ ਉਨ੍ਹਾਂ ਨੂੰ ਚੁਣਿਆ ਹੈ, ਪਰ ਪੰਚਾਇਤਾਂ ਕੋਲ ਰਿਕਾਰਡ ਨਾ ਹੋਣ ਕਾਰਨ ਪੰਚਾਇਤਾਂ ਅੱਗੇ ਵਿਕਾਸ ਕਾਰਜ ਕਰਵਾਉਣ ਤੋਂ ਅਸਮਰਥ ਹਨ। ਉਨ੍ਹਾਂ ਦੱਸਿਆ ਕਿ ਜੱਥੇਬੰਦੀ ਵੱਲੋਂ ਬਲਾਕ ਦੇ ਸਮੂਹ ਪੰਚਾਂ ਅਤੇ ਸਰਪੰਚਾਂ ਦਾ ਇਕੱਠ 16 ਜਨਵਰੀ ਵੀਰਵਾਰ ਨੂੰ ਬੀਡੀਪੀਓ ਦਫਤਰ ਧੂਰੀ ਵਿਖੇ ਰੱਖਿਆ ਗਿਆ ਹੈ, ਜਿੱਥੇ ਜੱਥੇਬੰਦੀ ਵੱਲੋਂ ਅਗਲੇ ਸੰਘਰਸ਼ ਦੀ ਰੂਪਰੇਖਾ ਉਲੀਕੀ ਜਾਵੇਗੀ। ਇਸ ਮੌਕੇ ਭਗਵਾਨ ਸਿੰਘ ਭਲਵਾਨ, ਜਸਵੀਰ ਸਿੰਘ ਦੋਹਲਾ, ਮਿੱਠੂ ਲੱਡਾ, ਅਮਨਦੀਪ ਧੂਰੀ ਪਿੰਡ, ਸਤਿਗੁਰ ਸਿੰਘ ਕਾਂਝਲਾ ਸਮੇਤ ਵੱਡੀ ਗਿਣਤੀ ਵਿੱਚ ਸਰਪੰਚ ਹਾਜ਼ਰ ਸਨ।

ਕਿਸਾਨ ਵਿਰੋਧੀ ਖਰੜੇ ਦੀਆਂ ਕਾਪੀਆਂ ਸਾੜੀਆਂ

ਨਿਹਾਲ ਸਿੰਘ ਵਾਲਾ (ਲਵਲੀ) ਨਿਹਾਲ ਸਿੰਘ ਵਾਲਾ ਹਲਕਾ ਵਿਖੇ ਭਾਰਤ ਸਰਕਾਰ ਵੱਲੋਂ ਸੂਬਾ ਸਰਕਾਰ ਨੂੰ ਭੇਜੇ ਡਰਾਫਟ ਦੀਆਂ ਕਾਪੀਆਂ ਨੂੰ ਭਾਰਤੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਸਾੜੀਆ ਗਈਆਂ ਇਸ ਤੋਂ ਇਲਾਵਾ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਬਲਾਕ ਪ੍ਰਧਾਨ ਇੰਦਰਮੋਹਨ ਸਿੰਘ ਨੇ ਦੱਸਿਆ ਕਿ ਕਿਸੇ ਤਰ੍ਹਾਂ ਦੇ ਕਾਨੂੰਨ ਕਿਸੇ ਵੀ ਹਾਲਤ 'ਚ ਲਾਗੂ ਨਹੀਂ ਹੋਣ ਦੇਵਾਂਗੇ। ਇਸ ਮੌਕੇ ਹਰਜੀਵਨ ਸਿੰਘ ਖਹਿਰਾ ਗੁਰਸੇਵਕ ਸਿੰਘ ਜੋਤੀ ਸਿੰਘ ਜੱਗਾਂ ਸਿੰਘ ਹਰਭਜਨ ਸਿੰਘ ਅਮਨਦੀਪ ਸਿੰਘ ਕਰਨਪ੍ਰੀਤ ਸਿੰਘ ਰਾਮ ਸਿੰਘ ਗੁਰਵੀਰ ਸਿੰਘ ਸੁਖਵੰਤ ਸਿੰਘ ਜੁਗਿੰਦਰ ਸਿੰਘ ਗਗਨਦੀਪ ਸਿੰਘ ਜਮੀਤ ਸਿੰਘ ਜਕੀਰਤ ਸਿੰਘ ਰਣ ਸਿੰਘ ਤੋਂ ਇਲਾਵਾ ਭੈਣਾਂ ਤੇ ਮਾਵਾਂ ਅਤੇ ਨੌਜਵਾਨ ਵੀਰ ਹਾਜ਼ਰ ਸਨ।

ਹਨੀ ਫੱਤਣਵਾਲਾ ਦੇ ਗ੍ਰਹਿ ਵਿਖੇ ਪੁੱਜੇ ਭੂੰਦੜ ਤੇ ਸੁਖਬੀਰ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਦੇ ਗ੍ਰਹਿ ਵਿਖੇ ਪੁੱਜੇ, ਜਿੱਥੇ ਉਹਨਾਂ ਨੇ ਅਕਾਲੀ ਲੀਡਰਾਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ ਦਿਨ ਰਾਤ ਇੱਕ ਕਰਨ ਨੂੰ ਕਿਹਾ।ਇਸ ਦੌਰਾਨ ਉਨ੍ਹਾਂ ਨੇ ਯੂਥ ਅਕਾਲੀ ਵਰਕਰਾਂ ਨੂੰ ਵੀ ਵੱਧ ਤੋਂ ਵੱਧ ਭਰਤੀ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ ਜਿਸਨੇ ਹਮੇਸ਼ਾ ਪੰਜਾਬ ਦਾ ਭਲਾ ਸੋਚਿਆ ਹੈ। ਇਸ ਲਈ ਸਾਨੂੰ ਸਭ ਨੂੰ ਪਾਰਟੀ ਦੀ ਚੜ੍ਹਦੀ ਕਲਾ ਲਈ ਇੱਕਮੁੱਠ ਹੋ ਕੇ ਕੰਮ ਕਰਨਾ ਚਾਹੀਦਾ ਹੈ।ਇਸ ਮੌਕੇ ਐਨ ਕੇ ਸ਼ਰਮਾ ਸਾਬਕਾ ਵਿਧਾਇਕ, ਹਰਪ੍ਰੀਤ ਸਿੰਘ ਸਾਬਕਾ ਵਿਧਾਇਕ, ਤੇਜਿੰਦਰ ਸਿੰਘ ਮਿੱਡੂਖੇੜਾ, ਪਰਮਬੰਸ ਸਿੰਘ ਬੰਟੀ ਰੋਮਾਣਾ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ, ਮਨਜੀਤ ਸਿੰਘ ਫੱਤਣਵਾਲਾ ਸਾਬਕਾ ਚੇਅਰਮੈਨ ਸੂਗਰ ਮਿੱਲ ਫਰੀਦਕੋਟ, ਤੀਰਥ ਸਿੰਘ ਮਾਹਲਾ, ਜ਼ਹਿਦਾ ਸੁਲੇਮਾਨ, ਪ੍ਰੀਤਇੰਦਰ ਸਿੰਘ ਸੰਮੇਵਾਲੀ, ਮਨਜਿੰਦਰ ਸਿੰਘ ਬਿੱਟੂ, ਜੈਰਾਜ ਸਿੰਘ ਬਰਾੜ ਫੱਤਣਵਾਲਾ ਵਾਈਸ ਪ੍ਰਧਾਨ ਯੂਥ ਅਕਾਲੀ ਦਲ, ਸੰਨੀ ਗਿੱਲ ਮੋਗਾ, ਲੱਪੀ ਈਨਾਖੇੜਾ, ਅਕਾਸ਼ਦੀਪ ਸਿੰਘ ਮਿੱਡੂਖੇੜਾ, ਰੋਬਿਨ ਬਰਾੜ, ਰਾਜਿੰਦਰ ਸਿੰਘ ਜਾਖੜ ਸਾਬਕਾ ਚੇਅਰਮੈਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਹਾਜ਼ਰ ਸਨ।

ਨਗਰ ਕੌਂਸਲ ਬਾਘਾ ਪੁਰਾਣਾ ਦੇ ਸੋਨੀਆ ਗੁਪਤਾ ਪ੍ਰਧਾਨ, ਰਣਜੀਤ ਸਿੰਘ ਟੀਟੂ ਬਣੇ ਸੀਨੀਅਰ ਵਾਈਸ ਪ੍ਰਧਾਨ

ਰੋਡ ਸ਼ੋਅ ਦੌਰਾਨ ਹਾਰ ਪਾ ਕੇ ਲੋਕਾਂ ਨੇ ਕੀਤਾ ਸਵਾਗਤ

ਬਾਘਾ ਪੁਰਾਣਾ, (ਮਨੀ ਸਿਗਲਾ) ਨਗਰ ਕੌਂਸਲ ਬਾਘਾ ਪੁਰਾਣਾ ਦੀਆਂ ਚੋਣਾਂ ਬੀਤੀ 21 ਦਸੰਬਰ 2024 ਨੂੰ ਅਮਨ ਅਮਾਨ ਨਾਲ ਸੰਪੰਨ ਹੋਣ ਦੇ ਬਾਅਦ 15 ਵਾਰਡਾਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਮੁਕਾਬਲੇ ਵਿਚ ਕਿਸੇ ਵੀ ਪਾਰਟੀ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਨਾ ਕੀਤੇ ਜਾਣ ਦੇ ਬਾਅਦ ਆਮ ਆਦਮੀ ਪਾਰਟੀ ਦੇ 15 ਦੇ 15 ਉਮੀਦਵਾਰਾਂ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤਾ ਗਿਆ ਸੀ ਅਤੇ ਨਗਰ ਕੌਂਸਲ ਦੀਆਂ ਚੋਣਾਂ ਸੰਪੰਨ ਹੋਣ ਦੇ ਬਾਅਦ ਅੱਜ 15 ਜਨਵਰੀ, 2025, ਦਿਨ ਬੁੱਧਵਾਰ ਨੂੰ ਸਥਾਨਕ ਨਗਰ ਕੌਂਸਲ ਬਾਘਾ ਪੁਰਾਣਾ ਵਿਚ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਸ.ਡੀ.ਐਮ ਬੇਅੰਤ ਸਿੰਘ ਸਿੱਧੂ ਬਾਘਾ ਪੁਰਾਣਾ, ਨਾਇਬ ਤਹਿਸ਼ੀਲਦਾਰ ਭੀਮ ਸੈਨ, ਕਾਰਜ ਸਾਧਕ ਅਫਸਰ ਦਵਿੰਦਰ ਸਿੰਘ ਤੂਰ ਦੀ ਹਾਜ਼ਰੀ ਵਿਚ ਨਵ ਨਿਯੁਕਤ ਕੌਂਸਲਰਾਂ ਕਿਰਨਪ੍ਰੀਤ, ਧਰਮਿੰਦਰ ਸਿੰਘ ਰੱਖੜਾ, ਸੋਨੀਆ , ਬਲਜਿੰਦਰ ਕੌਰ, ਮਨਦੀਪ ਕੱਕੜ, ਛਿੰਦਰ ਕੌਰ, ਕਮਲ ਕੁਮਾਰ, ਤਰੁਣ ਮਿੱਤਲ, ਸ਼ੈਲਜਾ ਗੋਇਲ, ਗੁਰਪ੍ਰੀਤ ਮਨਚੰਦਾ, ਸੁਖਦੇਵ ਕੌਰ, ਅਮਨਦੀਪ ਕੌਰ ਅਤੇ ਪ੍ਰਿਥੀ ਸਿੰਘ (ਸਾਰ

16-Jan-PAGE-3.qxd 1/15/2025 11:15 PM Page 1

ਘਰੇਲੂ ਕਲੇਸ਼ ਤੋਂ ਅੱਕੇ ਫੌਜੀ ਨੇ ਆਪਣੇ ਘਰ, ਕਾਰ ਤੇ ਮੋਟਰਸਾਈਕਲ ਨੂੰ ਲਾਈ ਅੱਗ

ਮਜੀਠਾ, (ਸੋਇਮ ਆਨੰਦ)

ਸਬਜ਼ੀ ਮੰਡੀ ਮਜੀਠਾ ਦੇ ਨੇੜੇ ਸ਼ਮਸ਼ਾਨਘਾਟ ਮਜੀਠਾ ਦੇ ਸਾਹਮਣੇ ਰਹਿੰਦੇ ਫੌਜੀ ਨੇ ਘਰੇਲੂ ਕਲੇਸ਼ ਦੇ ਚਲਦਿਆਂ ਆਪਣੇ ਘਰ, ਕਾਰ ਅਤੇ ਮੋਟਰਸਾਈਕਲ ਨੂੰ ਅੱਗ ਲਗਾ ਦਿੱਤੀ ਜਿਸ ਨਾਲ ਸਾਰੇ ਇਲਾਕੇ ਵਿਚ ਦਹਿਸ਼ਤ ਭਰਿਆ ਮਾਹੌਲ ਬਣ ਗਿਆ।ਪ੍ਰਗਟ ਸਿੰਘ ਪੁੱਤਰ ਜਗੀਰ ਸਿੰਘ ਭਾਰਤੀ ਫੌਜ ਵਿਚ ਬਤੌਰ ਸੂਬੇਦਾਰ ਨੌਕਰੀ ਕਰਦਾ ਹੈ ਅਤੇ ਛੁੱਟੀ 'ਤੇ ਘਰ ਆਇਆ ਸੀ।ਫੌਜੀ ਪ੍ਰਗਟ ਸਿੰਘ ਦੇ ਦੋ ਪੁੱਤਰ ਅਤੇ ਇੱਕ ਬੇਟੀ ਹੈ। ਫੌਜੀ ਦਾ ਆਪਣੇ ਪਰਿਵਾਰਕ ਮੈਂਬਰਾਂ ਨਾਲ ਪਹਿਲਾਂ ਵੀ ਕਿਸੇ ਨਾ ਕਿਸੇ ਗੱਲ ਤੋਂ ਕਲੇਸ਼ ਰਹਿੰਦਾ ਸੀ ਅਤੇ ਅਕਸਰ ਆਪਸ ਵਿਚ ਝਗੜਦੇ ਰਹਿੰਦੇ ਸਨ।ਅੱਜ ਵੀ ਪ੍ਰਗਟ ਸਿੰਘ ਨੇ ਆਪਣੇ ਮੁੰਡੇ ਪਾਸੋਂ ਕਿਧਰੇ ਜਾਣ ਵਾਸਤੇ ਕਾਰ ਦੀ ਚਾਬੀ ਮੰਗੀ ਜਿਸ 'ਤੇ ਇਨ੍ਹਾਂ ਦਾ ਆਪਸ ਵਿਚ ਝਗੜਾ ਹੋ ਗਿਆ।ਨੌਬਤ ਇਥੋਂ ਤੱਕ ਪੁੱਜ ਗਈ ਕਿ ਫੌਜੀ ਪ੍ਰਗਟ ਸਿੰਘ ਨੇ ਗੁੱਸੇ ਵਿਚ ਆ ਕੇ ਆਪਣੇ ਦਸਤੀ ਰਿਵਾਲਵਰ ਨਾਲ ਘਰ ਤੋਂ ਬਾਹਰ ਆ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕਾਰ ਨੂੰ ਗੋਲੀਆਂ ਮਾਰ ਕੇ ਅੱਗ ਲਗਾ

ਦਿੱਤੀ। ਗੁੱਸਾ ਇਥੇ ਹੀ ਸ਼ਾਂਤ ਨਹੀਂ ਹੋਇਆ, ਉਸ ਨੇ ਘਰ ਦੇ ਬਾਹਰ ਖੜੇ ਮੋਟਰਸਾਈਕਲ ਅਤੇ ਬਾਅਦ ਵਿਚ ਘਰ ਵਿਚ ਅੱਗ ਲਗਾ ਦਿੱਤੀ।ਦੇਖਦੇ ਹੀ ਦੇਖਦੇ ਕਾਰ ਅਤੇ ਮੋਟਰਸਾਈਕਲ ਪੂਰੀ ਤਰ੍ਹਾਂ ਸੜ੍ਹ ਕੇ ਸੁਆਹ ਹੋ ਗਏ ਅਤੇ ਘਰ ਵਿਚ ਵੀ ਅੱਗ ਨਾਲ ਭਾਰੀ ਨੁਕਸਾਨ ਹੋਇਆ। ਇਤਲਾਹ ਮਿਲਦੇ ਹੀ ਡੀਐੱਸਪੀ ਮਜੀਠਾ ਜਸਪਾਲ ਸਿੰਘ ਢਿੱਲੋਂ, ਐੱਸਐੱਚਓ ਪ੍ਰਭਜੀਤ ਸਿੰਘ ਮੌਕੇ 'ਤੇ ਪਹੁੰਚ ਗਏ ਜਿਨ੍ਹਾਂ ਨੇ ਪਿਸਤੌਲ ਤਾਣ ਕੇ ਖੜੇ ਉਕਤ ਫੌਜੀ ਨੂੰ ਪਿਸਤੌਲ ਸਮੇਤ ਕਾਬੂ ਕਰ ਲਿਆ। ਪਿਸਤੌਲ ਛੇ ਗੋਲੀਆਂ ਨਾਲ ਭਰਿਆ ਸੀ। ਮੁਹੱਲੇ ਦੇ ਲੋਕਾਂ ਨੇ ਖੁਦ ਬੜੀ ਮੁਸ਼ੱਕਤ ਨਾਲ ਬਾਲਟੀਆਂ ਨਾਲ ਪਾਣੀ ਲਿਆ ਲਿਆ ਕੇ ਅੱਗ 'ਤੇ ਕਾਬੂ ਪਾਇਆ। ਖਬਰ ਲਿਖੇ ਜਾਣ ਤੱਕ ਕੋਈ ਵੀ ਅੱਗ ਬੁਝਾਉਣ ਵਾਲੀ ਗੱਡੀ ਮੌਕੇ 'ਤੇ ਨਹੀਂ ਪੁੱਜੀ ਜਿਸ ਕਰਕੇ ਮੁਹੱਲਾ ਵਾਸੀਆਂ ਵਿਚ ਭਾਰੀ ਗੁੱਸੇ ਦੀ ਲਹਿਰ ਪਾਈ ਜਾ ਰਹੀ ਸੀ।ਡੀ. ਐੱਸ. ਪੀ. ਮਜੀਠਾ ਦੇ ਦੱਸਣ ਅਨੁਸਾਰ ਫੌਜੀ ਉਕਤ ਨੂੰ ਕਾਬੂ ਕਰਕੇ ਉਸ ਦੇ ਖਿਲਾਫ ਥਾਣਾ ਮਜੀਠਾ ਵਿਖੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਡਾ ਊਧਨਵਾਲ ਵਿਖੇ ਨਵਾਂ ਖੇਤੀ ਨੀਤੀ ਖਰੜਾ ਅਗਨ ਭੇਟ

ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)

ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ਼੍ਰੀ ਹਰਗੋਬਿੰਦਪੁਰ ਕਾਦੀਆਂ ਵਲੋਂ ਅੱਡਾ ਊਧਨਵਾਲ ਵਿਖੇ ਨਵੇਂ ਮਾਰਕੀਟ ਖਰੜੇ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਦੀ ਅਗਵਾਈ ਹੇਠ ਇਕੱਠੇ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਕਮੇਟੀ ਆਗੂ ਮਾਸਟਰ ਜਗੀਰ ਸਿੰਘ ਅਤੇਪੁਰ ਜੁਗਿੰਦਰ ਸਿੰਘ ਮਠੋਲਾ ਨੇ ਕਿਹਾ ਕਿ ਕੇਂਦਰ ਸਰਕਾਰ ਪੁਰਾਣੇ ਰੱਦ ਕਰਵਾਏ ਕਿਸਾਨ ਅਤੇ ਖੇਤੀ ਵਿਰੋਧੀ ਕਨੂੰਨਾਂ ਨੂੰ ਨਵੀਂ ਸਿਰਿਓਂ ਲਾਗੂ ਕਰਨ ਲਈ ਨਵਾਂ ਮਾਰਕੀਟ ਖਰੜਾ ਸੂਬਿਆਂ ਰਾਹੀਂ ਲਾਗੂ ਕਰਵਾਉਣ ਦੇ ਮਨਸ਼ੇ ਤਹਿਤ ਕੰਮ ਕਰ ਰਹੀ ਹੈ।ਪ੍ਰੈੱਸ ਸਕੱਤਰ ਅਸ਼ੋਕ ਭਾਰਤੀ ਨੇ ਕਿਹਾ ਕਿ ਕੌਮੀ ਮੰਡੀ ਦੇ ਨਾਂ ਹੇਠ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਲਈ ਲੋਕ ਮਾਰੂ ਨੀਤੀਆਂ ਲਿਆ ਰਹੀ ਹੈ।ਆਗੂਆਂ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਕਿਸਾਨਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ 26 ਜਨਵਰੀ ਨੂੰ ਹੋਣ ਵਾਲੇ ਟਰੈਕਟਰ ਮਾਰਚ ਵਿਚ ਜ਼ੋਰਦਾਰ

ਸ਼ਮੂਲੀਅਤ ਕੀਤੀ ਜਾਵੇ। ਇਸ ਮੌਕੇ ਕੁਲਵਿੰਦਰ ਸਿੰਘ ਬਸਰਾਵਾਂ, ਅਮਰਜੀਤ ਸਿੰਘ ਬਸਰਾਵਾਂ, ਗੁਰਦੀਪ ਸਿੰਘ ਬਸਰਾਵਾਂ, ਦਵਿੰਦਰ ਸਿੰਘ ਢਪੱਈ, ਸਿਕੰਦਰ ਸਿੰਘ ਚੀਮਾ ਖੁੱਡੀ, ਮਹਿੰਦਰ ਸਿੰਘ ਚੀਮਾ ਖੁੱਡੀ, ਹਰਜੀਤ ਸਿੰਘ ਮਠੋਲਾ, ਸਤਨਾਮ ਸਿੰਘ ਨੰਗਲ ਝੌਰ, ਜਗਤਾਰ ਸਿੰਘ ਨੰਗਲ ਝੌਰ, ਅਮਰਜੀਤ ਸਿੰਘ ਅਤੇਪੁਰ, ਸੁਖਦੇਵ ਸਿੰਘ ਭਗਤੂਪੁਰ, ਬਖਸ਼ੀਸ਼ ਸਿੰਘ ਭਰਥ ਆਦਿ ਹਾਜ਼ਰ ਸਨ।

ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਪਿੰਡ ਸਭਰਾ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ ਹੋ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਾਡਾ ਲੜਕਾ ਜਗਰੂਪ ਸਿੰਘ ਜੱਗਾ ਉਮਰ ਤਕਰੀਬਨ 24 ਸਾਲ ਜੋ ਬਾਹਰ ਕਿਸੇ ਕੰਪਨੀ ਵਿੱਚ ਕੰਮ ਕਰਦਾ ਹੈ, ਲੋਹੜੀ ਵੇਖਣ ਘਰ ਵਿੱਚ ਆਇਆ ਸੀ ਜਿਸ ਨੇ ਨਸ਼ੇ ਦਾ ਟੀਕਾ ਲਾ ਲਿਆ ਜਿਸ ਨਾਲ ਉਸ ਦੀ ਮੌਤ ਹੋ ਗਈ।ਜ਼ਿਕਰਯੋਗ ਹੈ ਕਿ ਕੁਝ ਦਿਨਾਂ ਤੋਂ ਕਈ ਹਲਕਿਆਂ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਨਸ਼ੇ ਨੂੰ ਰੋਕਣ ਲਈ ਮਤੇ ਵੀ ਪਾਏ ਜਾ ਰਹੇ ਹਨ ਪਰੰਤੂ ਨਸ਼ੇ ਨਾਲ ਹੋ ਰਹੀਆਂ ਮੌਤਾਂ ਉਪਰ ਕੋਈ ਵੀ ਕੰਟਰੋਲ ਨਜ਼ਰ ਨਹੀਂ ਆ ਰਿਹਾ। ਪਰਿਵਾਰਕ ਮੈਂਬਰਾਂ ਨੇ ਰੋ ਰੋ ਕੇ ਸਰਕਾਰ ਨੂੰ ਨਸ਼ੇ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ। ਹੁਣ ਵੇਖਣਾ ਹੋਵੇਗਾ ਕਿ ਸਰਕਾਰ ਨਸ਼ੇ 'ਤੇ ਕਦੋਂ ਤੱਕ ਕੰਟਰੋਲ ਕਰਦੀ ਹੈ, ਜਾਂ ਫਿਰ ਰੋਜ਼ਾਨਾ ਦੀ ਤਰ੍ਹਾਂ ਮਾਵਾਂ ਦੇ ਪੁੱਤਰ ਮੌਤ ਦੇ ਮੂੰਹ ਵਿੱਚ ਜਾਂਦੇ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਚੋਣਾਂ ਦੌਰਾਨ ਹਰੇਕ ਸਿਆਸੀ ਪਾਰਟੀ ਵੱਲੋਂ ਨਸ਼ੇ ਨੂੰ ਖਤਮ ਕਰਨ ਦੇ ਜੁਮਲੇ ਛੱਡ ਕੇ ਨੌਜਵਾਨਾਂ ਦੀਆਂ ਲਾਸ਼ਾਂ 'ਤੇ ਸਿਆਸੀ ਰੋਟੀਆਂ ਸੇਕ ਕੇ ਸੱਤਾ ਹਾਸਲ ਕੀਤੀ ਜਾਂਦੀ ਹੈ।

25 ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਐੱਸਐੱਮਐੱਸ ਕਾਲਜ ਵਿਖੇ ਹੋਵੇਗਾ ਜ਼ਿਲ੍ਹਾ ਪੱਧਰੀ ਸਮਾਗਮ

ਗੁਰਦਾਸਪੁਰ, (ਜਨਕ ਮਹਾਜਨ)-ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤਹਿਤ 25 ਜਨਵਰੀ ਨੂੰ 15ਵਾਂ ਰਾਸ਼ਟਰੀ ਵੋਟਰ ਦਿਵਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਐੱਸਐੱਮਐੱਸ. ਕਾਲਜ ਦੀਨਾਨਗਰ ਵਿਖੇ ਹੋਵੇਗਾ ਜਦਕਿ ਇਸ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਬੂਥਾਂ ਉਪਰ ਵੀ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਉਮਾ ਸ਼ੰਕਰ ਗੁਪਤਾ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਦੱਸਣ ਦੇ ਨਾਲ ਨਵੇਂ ਬਣੇ ਵੋਟਰਾਂ ਨੂੰ ਐਪਿਕ ਕਿੱਟ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੋਕਤੰਤਰ ਪ੍ਰਣਾਲੀ ਵਿੱਚ ਨਾਗਰਿਕਾਂ/ਵੋਟਰਾਂ ਦੀ ਭਾਗਦਾਰੀ ਨੂੰ ਵਧਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਅਤੇ ਬੂਥ ਪੱਧਰੀ ਸਮਾਗਮਾਂ ਵਿਚ ਵੋਟਰ ਪ੍ਰਣ ਵੀ ਚੁਕਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਵੀ ਰਾਸ਼ਟਰੀ ਵੋਟਰ ਦਿਵਸ ਮੌਕੇ 25 ਜਨਵਰੀ 2025 ਨੂੰ ਸਵੇਰੇ 11 ਵਜੇ ਵੋਟ ਪ੍ਰਣ ਲਿਆ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਬੈਸਟ ਈ. ਆਰ. ਓ., ਬੈਸਟ ਨੋਡਲ ਅਫ਼ਸਰ (ਸਵੀਪ) ਅਤੇ ਬੈਸਟ ਬੀ.ਐੱਲ.ਓ. ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਕਿਸਾਨ ਮਜ਼ਦੂਰ ਯੂਨੀਅਨ ਨੇ ਠੇਠਰਕੇ 'ਚ ਫੂਕੀਆਂ ਖੇਤੀ ਨੀਤੀ ਖਰੜੇ ਦੀਆਂ ਕਾਪੀਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਚੱਲ ਰਹੇ ਮੋਰਚਾ ਖਨੌਰੀ ਅਤੇ ਸ਼ੰਭੂ ਬਾਰਡਰ ਉਪਰ 11 ਮਹੀਨਿਆਂ ਤੋਂ ਚੱਲ ਰਹੇ ਕਿਸਾਨ ਮਜ਼ਦੂਰ ਅੰਦੋਲਨ

ਦੀਆਂ ਮੰਗਾਂ ਨਾ ਮੰਨਣ ਤੇ ਰੋਸ ਵਿੱਚ ਕਿਸਾਨ ਮਜ਼ਦੂਰ ਮੋਰਚਾ ਭਾਰਤ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਵੱਲੋਂ ਕੇਂਦਰ ਸਰਕਾਰ ਨੇ ਜੋ ਤਿੰਨ ਕਾਲੇ ਕਾਨੂੰਨਾਂ ਦਾ ਖਰੜਾ ਤਿਆਰ ਕੀਤਾ ਸੀ ਜੋ ਅੱਜ ਤੱਕ ਲਾਗੂ ਨਹੀਂ ਹੋਇਆ ਉਸ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਯੂਨੀਅਨ ਨੇ ਪਿੰਡ ਠੇਠਰਕੇ ਅਤੇ ਡੇਰਾ ਬਾਬਾ ਨਾਨਕ ਦੇ ਚੌਕ ਵਿੱਚ ਉਸ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ।ਇਸ ਮੌਕੇ ਜਥੇਬੰਦੀ ਦੀ ਪ੍ਰਧਾਨ ਜੋਗਿੰਦਰ ਸਿੰਘ ਖੰਨਾ ਚਮਾਰਾ, ਹਰਜੀਤ ਸਿੰਘ ਠੇਠਰਕੇ, ਸਤਬੀਰ ਸਿੰਘ ਲਾਲੀ ਪ੍ਰੈੱਸ ਸਕੱਤਰ, ਅਵਤਾਰ ਸਿੰਘ ਰੰਧਾਵਾ ਅਤੇ ਸਰਵਨ ਸਿੰਘ ਦੀ ਅਗਵਾਈ ਹੇਠ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਰੋਸ ਮੁਜ਼ਾਹਰੇ ਕੀਤੇ ਗਏ । ਇਸ ਮੌਕੇ ਸ਼ਮਸ਼ੇਰ ਸਿੰਘ ਸ਼ੇਰਾ, ਬਿਕਰਮਜੀਤ ਸਿੰਘ ਖੰਨਾ ਚਮਾਰਾ, ਸ਼ਮਸ਼ੇਰ ਸਿੰਘ ਡੇਰਾ ਬਾਬਾ ਨਾਨਕ, ਰੋਬਨ ਸਿੰਘ ਸ਼ਹਿਜ਼ਾਦਾ, ਜਗਜੀਤ ਸਿੰਘ ਠੇਠਰਕੇ, ਸਰਪੰਚ ਕੈਪਟਨ ਨਰਿੰਦਰ ਸਿੰਘ, ਭਗਵਾਨ ਸਿੰਘ, ਲਖਵਿੰਦਰ ਸਿੰਘ, ਕੁਲਵੰਤ ਸਿੰਘ, ਕੁਲਵੰਤ ਸਿੰਘ, ਬਲਰਾਜ ਸਿੰਘ, ਨਿਰਮਲ ਸਿੰਘ, ਬਘੇਲ ਸਿੰਘ ਮਿੰਟਾ, ਭੁਪਿੰਦਰ ਸਿੰਘ ਆਦਿ ਕਿਸਾਨ ਮਜ਼ਦੂਰ ਜਥੇਬੰਦੀ ਦੇ ਆਗੂ ਹਾਜ਼ਰ ਸਨ ।

ਖੇਤੀ ਮੰਡੀਕਰਨ ਖਰੜਾ ਫੂਕ ਕੇ ਦੁੱਲੇ ਭੱਟੀ ਨੂੰ ਸਲਾਮੀ ਦਿੱਤੀ

ਅੱਡਾ ਸਰਾਂ (ਜਸਵੀਰ ਕਾਜਲ)—ਲੋਹੜੀ ਵਾਲ਼ੇ ਦਿਨ ਸੰਯੁਕਤ ਕਿਸਾਨ ਮੋਰਚੇ ਵਲੋਂ ਮਾ. ਸ਼ੰਗਾਰਾ ਸਿੰਘ ਅਤੇ ਇਕਬਾਲ ਸਿੰਘ ਦੀ ਅਗਵਾਈ ਵਿੱਚ ਜਾਬਰ ਕੇਂਦਰ ਸਰਕਾਰ ਵੱਲੋਂ ਮੱਜ਼ੂਦਾ ਮੰਡੀਆਂ ਨੂੰ ਖਤਮ ਕਰਨ ਵਾਲਾ ਖੇਤੀ ਮੰਡੀਕਰਨ ਖਰੜਾ ਫੂਕ ਕੇ ਦੁੱਲੇ ਭੱਟੀ ਨੂੰ ਸਲਾਮੀ ਦਿੱਤੀ ਗਈ। ਕਾਫਲਾ ਬੁੱਲ੍ਹੋਵਾਲ ਬਾਜ਼ਾਰ ਵਿਚੋਂ ਨਾਹਰੇ

ਮਾਰਦਾ ਬੱਸ ਅੱਡੇ ਪਹੁੰਚਿਆ ਜਿੱਥੇ ਖਰੜਾ ਫੂਕਿਆ ਗਿਆ। ਭਾਕਿਯੂ ਏਕਤਾ ਉਗਰਾਹਾਂ ਦੇ ਪ੍ਰਧਾਨ ਮਾ. ਸ਼ੰਗਾਰਾ ਸਿੰਘ ਅਤੇ ਭਕਿਯੂ ਦੋਆਬਾ ਦੇ ਇਕਬਾਲ ਸਿੰਘ ਨੇ ਮੰਡੀਕਰਨ ਖਰੜੇ ਬਾਰੇ ਆਪਣੇ ਵਿਚਾਰ ਰੱਖੇ ਕਿ ਇਹ ਕਿਵੇਂ ਪੰਜਾਬ ਦੀ ਆਰਥਿਕਤਾ ਅਤੇ ਕਿਸਾਨਾਂ ਲਈ ਤਬਾਹਕੁੰਨ ਹੈ। ਪਰਮਜੀਤ ਸਿੰਘ ਕਾਲਕਟ ਨੇ ਦੱਸਿਆ ਕਿ ਇਹ ਸਰਕਾਰੀ ਮੰਡੀਆਂ ਦਾ ਨਿੱਜੀਕਰਨ ਕਰਨ ਦੀ ਗੱਲ ਹੈ। ਇਹ ਅੰਬਨੀਆਂ ਅਡਾਨੀਆਂ ਨੂੰ ਦੇਣ ਦੀ ਚਾਲ ਹੈ।ਇਸ ਕਾਫ਼ਲੇ ਵਿਚ ਮੁਹਿੰਦਰ ਪਾਲ ਸਿੰਘ,ਹਰਵਿੰਦਰ ਸਿੰਘ, ਸੁਖਜੀਤ ਸਿੰਘ , ਹਰਨੇਕ ਸਿੰਘ, ਸਿੰਘ, ਜਸਵਿੰਦਰ ਸਿੰਘ, ਜਸਬੀਰ ਸਿੰਘ, ਸਕੱਤਰ ਰਜਿੰਦਰ ਸਿੰਘ,ਗੁਰਨਾਮ ਸਿੰਘ, ਅਮਰਜੀਤ ਸਿੰਘ, ਪਰਗਟ ਸਿੰਘ, ਕੁਲਤਾਰ ਸਿੰਘ, ਪਰਮਿੰਦਰ ਸਿੰਘ,ਹਰਬਿੰਦਰ ਸਿੰਘ, ਮਲਕੀਤ ਸਿੰਘ,ਅਮਰੀਕ ਸਿੰਘ, ਪਿਆਰਾ ਸਿੰਘ, ਜਸਵੰਤ ਸਿੰਘ ਲਾਂਬੜਾ, ਤਰਸੇਮ ਸਿੰਘ, ਹੈਪੀ ਨੀਲਾ ਨਰੋਆ, ਮਾ. ਮਦਨ ਲਾਲ ਆਦਿ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਲੋੜਵੰਦਾਂ ਨੂੰ ਗਰਮ ਕੰਬਲ ਵੰਡੇ

ਗੁਰਦਾਸਪੁਰ, (ਜਨਕ ਮਹਾਜਨ)

ਵੱਧ ਰਹੀ ਸਰਦੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵੱਲੋਂ ਅੱਜ ਗੁਰਦਾਸਪੁਰ ਸ਼ਹਿਰ ਦੇ ਘੁਰਾਲਾ ਬਾਈਪਾਸ ਵਿਖੇ ਬਣੀਆਂ ਝੁੱਗੀਆਂ ਵਿੱਚ ਰਹਿ ਰਹੇ 45 ਦੇ ਕਰੀਬ ਵਿਅਕਤੀਆਂ ਨੂੰ ਕੰਬਲ ਵੰਡੇ ਗਏ। ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਨੇ ਝੁੱਗੀਆਂ ਵਿੱਚ ਰਹਿ ਰਹੇ ਲੋੜਵੰਦਾਂ ਨੂੰ ਕੰਬਲ ਵੰਡਣ ਮੌਕੇ ਕਿਹਾ ਕਿ ਠੰਡ ਦੇ ਮੌਸਮ ਵਿੱਚ ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਖ਼ਿਆਲ ਰੱਖਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹਮੇਸ਼ਾ ਹੀ ਮਾਨਵਤਾ ਦੀ ਸੇਵਾ ਲਈ ਤਤਪਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਕੜਾਕੇ ਦੀ ਠੰਡ ਪੈ ਰਹੀ ਹੈ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਝੁੱਗੀਆਂ ਵਿੱਚ ਰਹਿਣ ਵਾਲੇ ਵਿਅਕਤੀਆਂ ਨੂੰ ਕੰਬਲ ਵੰਡੇ ਗਏ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਅਜਿਹੇ ਮਾਨਵਤਾ ਦੇ ਕਾਰਜ ਜਾਰੀ ਰਹਿਣਗੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਰਾਜੀਵ ਸਿੰਘ ਵੀ ਹਾਜ਼ਰ ਸਨ।

ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ

16-jan-PAGE-4.qxd 1/15/2025 11:15 PM Page 1

ਨਵਾਂ ਜ਼ਮਾਨਾ
ਵੀਰਵਾਰ, 16 ਜਨਵਰੀ 2025

ਭਾਗਵਤ ਦੀ ਅਜ਼ਾਦੀ

ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਦਿਵਸ 'ਤੇ ਸੱਚੀ ਅਜ਼ਾਦੀ ਹਾਸਲ ਕੀਤੀ ਹੈ। ਉਨ੍ਹਾ ਮੁਤਾਬਕ ਰਾਮ ਮੰਦਰ ਨਿਰਮਾਣ ਦੇ ਦਿਨ ਨੂੰ 'ਪ੍ਰਤਿਸ਼ਠਾ ਦੁਆਦਸੀ ਦਿਵਸ' ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਹਿੰਦੂ ਕਲੰਡਰ ਮੁਤਾਬਕ ਅਯੁੱਧਿਆ ਵਿੱਚ ਰਾਮ ਮੰਦਰ ਦਾ ਉਦਘਾਟਨ ਪਿਛਲੇ ਸਾਲ ਪੋਹ ਸੁਦੀ ਦੋ (ਦੁਆਦਸੀ) ਨੂੰ ਹੋਇਆ ਸੀ। ਇਸ ਸਾਲ ਪੋਹ ਸੁਦੀ ਦੋ 11 ਜਨਵਰੀ ਨੂੰ ਸੀ।

ਭਾਗਵਤ ਨੇ ਇਹ ਬਿਆਨ ਦੇ ਕੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸੰਘ ਲਈ ਅਜ਼ਾਦੀ ਅੰਦੋਲਨ ਦਾ ਕੋਈ ਮਹੱਤਵ ਨਹੀਂ ਹੈ। ਇਸ ਬਿਆਨ ਨਾਲ ਭਾਗਵਤ ਨੇ ਸ਼ਹੀਦੇ ਆਜ਼ਮ ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ, ਅਸ਼ਫਾਕ ਉੱਲਾ ਖਾਨ ਤੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਕੀਤੇ ਗਏ ਅਹਿੰਸਾ ਅੰਦੋਲਨ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਭਾਗਵਤ ਨੇ ਕਿਹਾ ਹੈ ਕਿ ਭਾਰਤ, ਜਿਸ ਨੇ ਕਈ ਸਦੀਆਂ ਹਮਲਾਵਰਾਂ ਦਾ ਸਾਹਮਣਾ ਕੀਤਾ, ਨੇ ਅਸਲੀ ਅਜ਼ਾਦੀ ਇਸੇ ਦਿਨ ਪ੍ਰਾਪਤ ਕੀਤੀ ਸੀ। ਇਸ ਤੋਂ ਸਾਫ਼ ਹੈ ਕਿ ਆਰ ਐੱਸ ਐੱਸ ਹਮਲਾਵਰ ਸ਼ਬਦ ਮੁਗਲਾਂ ਬਾਰੇ ਵਰਤਦਾ ਹੈ, ਅੰਗਰੇਜ਼ ਉਸ ਲਈ ਹਮਲਾਵਰ ਨਹੀਂ ਹਨ। ਇਸੇ ਕਾਰਨ ਹੀ ਸੰਘ ਨੇ ਅਜ਼ਾਦੀ ਅੰਦੋਲਨ ਨੂੰ ਕੁਚਲਣ ਲਈ ਸਮੇਂ-ਸਮੇਂ ਉੱਤੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਸ ਲਈ ਸੰਘ ਪਾਸ ਨਾ ਕੋਈ ਭਗਤ ਸਿੰਘ, ਨਾ ਗਾਂਧੀ ਤੇ ਨਾ ਸੁਭਾਸ਼ ਚੰਦਰ ਬੋਸ ਸੀ। ਉਸ ਦੀ ਵਿਰਾਸਤ ਸਿਰਫ਼ ਸਾਵਰਕਰ ਹੈ, ਜੋ ਅੰਗਰੇਜ਼ਾਂ ਤੋਂ ਮੁਆਫ਼ੀ ਮੰਗ ਕੇ ਜੇਲ੍ਹੋਂ ਬਾਹਰ ਆਇਆ ਸੀ ਤੇ ਆ ਕੇ ਜਿਨਾਹ ਦੀ ਦੋ ਕੌਮਾਂ ਦੀ ਥਿਊਰੀ ਦਾ ਸਮਰਥਨ ਕਰਕੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਹੁਲਾਰਾ ਦਿੱਤਾ ਸੀ।

ਆਰ ਐੱਸ ਐੱਸ ਨੇ ਅਜ਼ਾਦੀ ਤੋਂ ਬਾਅਦ ਨਾ ਤਾਂ ਤਿਰੰਗੇ ਦਾ ਸਨਮਾਨ ਕੀਤਾ ਤੇ ਨਾ ਸੰਵਿਧਾਨ ਨੂੰ ਮਾਨਤਾ ਦਿੱਤੀ ਸੀ। ਸੰਘ ਨੇ ਆਪਣੇ ਜਨਮ ਤੋਂ ਲੈ ਕੇ 52 ਸਾਲਾਂ ਤੱਕ ਨਾਗਪੁਰ ਵਿਖੇ ਆਪਣੇ ਹੈੱਡਕੁਆਟਰ ਉੱਤੇ ਤਿਰੰਗਾ ਝੰਡਾ ਨਹੀਂ ਲਹਿਰਾਇਆ ਸੀ। ਤਿਰੰਗੇ ਦਾ ਸਨਮਾਨ ਨਾ ਕਰਨ ਦੀ ਅਲੋਚਨਾ ਤੋਂ ਬਾਅਦ ਅਗਸਤ 2002 ਵਿੱਚ ਸੰਘ ਨੇ ਆਪਣੇ ਹੈੱਡਕੁਆਟਰ ਵਿੱਚ ਤਿਰੰਗਾ ਝੰਡਾ ਲਹਿਰਾਇਆ ਸੀ। ਇਸ ਦੀ ਵੀ ਦਿਲਚਸਪ ਕਹਾਣੀ ਹੈ। 26 ਜਨਵਰੀ 2001 ਨੂੰ ਤਿੰਨ ਨੌਜਵਾਨਾਂ ਨੇ ਸੰਘ ਦੇ ਹੈੱਡਕੁਆਟਰ ਵਿੱਚ ਜਬਰੀ ਵੜ ਕੇ ਤਿਰੰਗਾ ਝੰਡਾ ਲਹਿਰਾ ਦਿੱਤਾ ਸੀ। ਸੰਘ ਵੱਲੋਂ ਇਨ੍ਹਾਂ ਤਿੰਨਾਂ ਉੱਤੇ ਐੱਫ਼ ਆਈ ਆਰ ਕਰਾ ਦਿੱਤੀ ਗਈ ਸੀ। ਸੰਨ 2013 ਵਿੱਚ ਇਨ੍ਹਾਂ ਨੌਜਵਾਨਾਂ ਨੂੰ ਬਰੀ ਕਰ ਦਿੱਤਾ ਗਿਆ, ਕਿਉਂਕਿ ਸੰਘ ਨੇ ਮੁਕੱਦਮੇ ਦੀ ਪੈਰਵੀ ਨਹੀਂ ਕੀਤੀ ਸੀ। ਉਸ ਨੂੰ ਡਰ ਸੀ ਕਿ ਜੇਕਰ ਨੌਜਵਾਨਾਂ ਨੂੰ ਸਜ਼ਾ ਹੋ ਗਈ ਤਾਂ ਉਸ ਦੀ ਬਦਨਾਮੀ ਹੋਵੇਗੀ। ਇਸ ਦਾ ਸਿੱਟਾ ਇਹ ਨਿਕਲਿਆ ਕਿ 26 ਜਨਵਰੀ 2002 ਨੂੰ ਸੰਘ ਵੱਲੋਂ ਆਪਣੇ ਹੈੱਡਕੁਆਟਰ ਉੱਤੇ ਬਕਾਇਦਾ ਤਿਰੰਗਾ ਲਹਿਰਾਇਆ ਗਿਆ, ਜੋ ਹੁਣ ਹਰ ਸਾਲ ਲਹਿਰਾਇਆ ਜਾਂਦਾ ਹੈ।

ਸੰਘ ਦੇ ਪ੍ਰਮੁੱਖ ਅਖਬਾਰ 'ਆਰਗੇਨਾਈਜ਼ਰ' ਨੇ ਬਕਾਇਦਾ ਸੰਪਾਦਕੀ ਲਿਖ ਕੇ ਸੰਵਿਧਾਨ ਦਾ ਵਿਰੋਧ ਕੀਤਾ ਸੀ। ਉਸ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਹ ਸੰਵਿਧਾਨ ਨਹੀਂ ਚਾਹੀਦਾ, ਜੋ ਮਨੂੰ ਸਮ੍ਰਿਤੀ ਮੁਤਾਬਕ ਨਾ ਲਿਖਿਆ ਗਿਆ ਹੋਵੇ। ਉਸ ਨੇ ਕਿਹਾ ਸੀ ਕਿ ਭਾਰਤ ਨੂੰ ਮਨੂੰ ਸਮ੍ਰਿਤੀ ਮੁਤਾਬਕ ਚਲਾਇਆ ਜਾਣਾ ਚਾਹੀਦਾ ਹੈ। ਮੋਹਨ ਭਾਗਵਤ ਸਮੇਂ-ਸਮੇਂ ਉਤੇ ਐੱਸ ਸੀ-ਐੱਸ ਟੀ ਰਾਖਵੇਂਕਰਨ ਦਾ ਵੀ ਵਿਰੋਧ ਕਰਦੇ ਰਹਿੰਦੇ ਹਨ, ਪਰ ਜਦੋਂ ਜਨਤਕ ਵਿਰੋਧ ਹੁੰਦਾ ਹੈ ਤਾਂ ਬਿਆਨ ਵਾਪਸ ਲੈ ਲੈਂਦੇ ਹਨ।

ਮੋਹਨ ਭਾਗਵਤ ਆਪਣੇ ਬਿਆਨ ਨੂੰ ਆਸਥਾ ਦਾ ਤੜਕਾ ਲਾਉਣਾ ਵੀ ਨਹੀਂ ਭੁੱਲੇ। ਉਨ੍ਹਾ ਕਿਹਾ ਕਿ 1980 ਦੇ ਦਹਾਕੇ ਵਿੱਚ ਰਾਮ ਮੰਦਰ ਅੰਦੋਲਨ ਦੌਰਾਨ ਕੁਝ ਲੋਕ ਉਨ੍ਹਾ ਨੂੰ ਪੁੱਛਦੇ ਸਨ ਕਿ ਲੋਕਾਂ ਦੀ ਰੋਜ਼ੀ-ਰੋਟੀ ਦੀ ਚਿੰਤਾ ਛੱਡ ਕੇ ਮੰਦਰ ਦਾ ਮੁੱਦਾ ਕਿਉਂ ਉਠਾਇਆ ਜਾ ਰਿਹਾ ਹੈ। ਮੈਂ ਉਨ੍ਹਾਂ ਲੋਕਾਂ ਨੂੰ ਕਹਿੰਦਾ ਸੀ, '1947 ਤੋਂ ਬਾਅਦ ਸਮਾਜਵਾਦ ਦੀਆਂ ਗੱਲਾਂ ਕਰਨ, ਗਰੀਬੀ ਹਟਾਓ ਦਾ ਨਾਅਰਾ ਦੇਣ ਤੇ ਹਰ ਵੇਲੇ ਲੋਕਾਂ ਦੀ ਰੋਜ਼ੀ-ਰੋਟੀ ਦੀ ਚਿੰਤਾ ਕਰਨ ਦੇ ਬਾਵਜੂਦ 1980 ਦੇ ਦਹਾਕੇ ਵਿੱਚ ਅਸੀਂ ਕਿੱਥੇ ਖੜ੍ਹੇ ਸਾਂ ਤੇ ਅੱਜ ਇਜ਼ਰਾਈਲ ਕਿਥੇ ਖੜ੍ਹਾ ਹੈ ਤੇ ਜਪਾਨ ਕਿੱਥੇ ਪਹੁੰਚ ਗਿਆ ਹੈ।' ਭਾਗਵਤ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਕਹਿੰਦੇ ਸਨ, 'ਭਾਰਤ ਦੀ ਰੋਜ਼ੀ-ਰੋਟੀ ਦਾ ਰਾਹ ਰਾਮ ਮੰਦਰ ਦੇ ਪ੍ਰਵੇਸ਼ ਦੁਆਰ ਤੋਂ ਹੋ ਕੇ ਜਾਂਦਾ ਹੈ, ਉਨ੍ਹਾਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ।' ਅੱਜ ਦੇ ਵਿਗਿਆਨਕ ਯੁੱਗ ਵਿੱਚ ਇਸ ਤੋਂ ਵੱਧ ਗਲੀ-ਸੜੀ ਸੋਚ ਭਲਾ ਕੀ ਹੋ ਸਕਦੀ ਹੈ। ਇਸ ਸੋਚ ਦੇ ਵਿਰੁੱਧ ਵਿਚਾਰਧਾਰਕ ਸੰਘਰਸ਼ ਹੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

-ਚੰਦ ਫਤਿਹਪੁਰੀ

ਲੋਕ ਇਨਕਲਾਬ ਨੂੰ ਸਮਰਪਿਤ ਰਹੇ ਕਾਮਰੇਡ ਜਗਮੋਹਣ ਸਿੰਘ

ਪਾਵੇਲ ਕੁੱਸਾ

70ਵਿਆਂ ਦਾ ਦਹਾਕਾ ਦੇਸ਼ ਤੇ ਪੰਜਾਬ ਅੰਦਰ ਇਨਕਲਾਬੀ ਤਰਥੱਲੀਆਂ ਦਾ ਦਹਾਕਾ ਸੀ। ਨਕਸਲਬਾੜੀ ਦੀ ਬਗਾਵਤ ਦੇ ਝੰਜੋੜੇ ਨਾਲ ਨੌਜਵਾਨ ਤੇ ਵਿਦਿਆਰਥੀ ਲਹਿਰ ਨੇ ਵੇਗ ਫੜਿਆ ਸੀ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਵੀ ਨੌਜਵਾਨ ਮੋਹਰੀ ਸਫਾਂ 'ਚ ਸਨ। ਲੁੱਟ ਤੇ ਵਿਤਕਰਿਆਂ ਅਧਾਰਿਤ ਇਸ ਰਾਜ ਤੇ ਸਮਾਜ ਨੂੰ ਬਦਲ ਕੇ ਇਨਕਲਾਬ ਲੈ ਆਉਣ ਦਾ ਸੁਪਨਾ ਲੱਖਾਂ ਨੌਜਵਾਨਾਂ ਦੀਆਂ ਅੱਖਾਂ 'ਚ ਚਮਕਿਆ ਸੀ ਤੇ ਇਸ ਆਦਰਸ਼ ਲਈ ਕਿੰਨਿਆਂ ਨੇ ਹੀ ਆਪਣੀਆਂ ਪੜ੍ਹਾਈਆਂ ਤੇ ਨੌਕਰੀਆਂ ਅਧਵਾਟੇ ਛੱਡ ਕੇ ਇਨਕਲਾਬੀ ਲਹਿਰ ਨੂੰ ਸਮਰਪਿਤ ਹੋ ਜਾਣ ਦੇ ਫੈਸਲੇ ਕੀਤੇ ਸਨ, ਪਰ ਲਹਿਰ ਦੇ ਉਤਰਾਵਾਂ-ਚੜ੍ਹਾਵਾਂ ਤੇ ਸੰਕਟਾਂ ਦੇ ਹਾਲਾਤ 'ਚ ਕਿੰਨੇ ਹੀ ਉਹ ਸਨ, ਜਿਹੜੇ ਇਹਨਾਂ ਫੈਸਲਿਆਂ 'ਤੇ ਪੁੱਗ ਨਾ ਸਕੇ, ਪਰ ਉਹ ਵੀ ਸਨ, ਜਿਹੜੇ ਪੰਜ-ਪੰਜ ਦਹਾਕਿਆਂ ਤੋਂ ਉਹਨਾਂ ਸੁਪਨਿਆਂ ਨੂੰ ਹਕੀਕਤ ਬਦਲ ਦੇਣ ਲਈ ਉਸੇ ਸਮਰਪਣ ਦੀ ਭਾਵਨਾ ਨਾਲ ਜੁਟੇ ਰਹੇ ਹਨ। ਕਾਮਰੇਡ ਜਗਮੋਹਣ ਸਿੰਘ ਵੀ ਉਹਨਾਂ ਪੁਰਾਣੇ ਇਨਕਲਾਬੀਆਂ 'ਚ ਸ਼ੁਮਾਰ ਹੁੰਦੇ ਹਨ, ਜਿਨ੍ਹਾਂ ਨੇ ਜਵਾਨੀ ਵੇਲੇ ਲੋਕ ਇਨਕਲਾਬ ਦੇ ਮਹਾਨ ਮਿਸ਼ਨ ਨੂੰ ਜ਼ਿੰਦਗੀ ਦਾ ਮਕਸਦ ਬਣਾਇਆ ਤੇ ਇਸ ਮਕਸਦ ਖਾਤਰ ਜ਼ਿੰਦਗੀ ਜਿਉਣ ਦਾ ਰਾਹ ਫੜਿਆ। ਡਾਕਟਰੀ ਪੇਸ਼ੇ 'ਚ ਜਾਣ ਦੀ ਥਾਂ ਉਹਨਾਂ ਨੇ ਪੇਸ਼ੇਵਰ ਇਨਕਲਾਬੀ ਵਾਲੀ ਕਠਿਨਾਈਆਂ ਭਰੀ ਜ਼ਿੰਦਗੀ ਦੀ ਚੋਣ ਕੀਤੀ। ਕਮਿਊਨਿਸਟ ਇਨਕਲਾਬੀ ਲਹਿਰ ਦੇ ਉਤਰਾਅ ਚੜ੍ਹਾ ਅਤੇ ਸੰਕਟ ਦੇ ਦੌਰ ਵੀ ਉਹਨਾਂ ਨੂੰ ਇਸ ਮਕਸਦ ਖਾਤਰ ਜਿਉਣ ਦੇ ਰਾਹ ਤੋਂ ਥਿੜਕਾਅ ਨਹੀਂ ਸਕੇ।

1950 ਦੇ ਵਰ੍ਹੇ ਪਿੰਡ ਕੋਠਾਗੁਰੂ ਜ਼ਿਲ੍ਹਾ ਬਠਿੰਡਾ 'ਚ ਜਨਮੇ ਕਾਮਰੇਡ ਜਗਮੋਹਣ ਸਿੰਘ 70ਵਿਆਂ ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਦੌਰਾਨ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ 'ਚ ਆਪਣੀ ਐੱਮ ਬੀ ਬੀ ਐੱਸ ਦੀ ਪੜ੍ਹਾਈ ਦੌਰਾਨ ਵਿਦਿਆਰਥੀ ਲਹਿਰ ਦੇ ਪ੍ਰਭਾਵ 'ਚ ਆਏ। 1972 ਦੇ ਮਹਾਨ ਮੋਗਾ ਘੋਲ ਦੌਰਾਨ ਹੋ ਰਹੇ ਐਕਸ਼ਨਾਂ 'ਚ ਉਹਨਾਂ ਨੇ ਜੋਸ਼ੀਲੀ ਸ਼ਮੂਲੀਅਤ ਕੀਤੀ। ਇਸ ਸ਼ੁਰੂਆਤੀ ਦੌਰ 'ਚ ਹੀ ਕਾਮਰੇਡ ਜਗਜੀਤ ਸੋਹਲ, ਸ਼ਹੀਦ ਦਇਆ ਸਿੰਘ ਤੇ ਮੁਖਤਿਆਰ ਪੂਹਲਾ ਵਰਗੇ ਕਮਿਊਨਿਸਟ ਇਨਕਲਾਬੀਆਂ ਨੇ ਉਹਨਾਂ ਦੀ ਜ਼ਿੰਦਗੀ ਦੀ ਸੇਧ ਉਲੀਕਣ 'ਚ ਅਹਿਮ ਰੋਲ ਨਿਭਾਇਆ। ਉਹ ਐੱਮ ਬੀ ਬੀ ਐੱਸ ਦੀ ਡਿਗਰੀ ਮੁਕੰਮਲ ਕਰਨ ਮਗਰੋਂ ਕੁਝ ਮਾਮੂਲੀ ਅਰਸਾ ਨੌਕਰੀ 'ਤੇ ਗਏ, ਪਰ ਉਹਨਾਂ ਨੇ ਜਲਦੀ ਹੀ ਨੌਕਰੀ ਨੂੰ ਤਿਆਗ ਕੇ ਇਨਕਲਾਬ ਦੇ ਮਹਾਨ ਮਿਸ਼ਨ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਅਤੇ ਇੱਕ ਕੁਲਵਕਤੀ ਵਜੋਂ ਕਮਿਊਨਿਸਟ ਇਨਕਲਾਬੀ ਲਹਿਰ 'ਚ ਸ਼ਾਮਲ ਹੋ ਗਏ। ਲੱਗਭੱਗ ਪੰਜ ਦਹਾਕੇ ਤੋਂ ਉਹ ਆਖਰੀ ਸਾਹਾਂ ਤੱਕ ਲਹਿਰ ਵਿੱਚ ਡਟੇ ਰਹੇ।

ਕਾਮਰੇਡ ਜਗਮੋਹਣ ਸਿੰਘ ਨੇ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਦੇ ਫ਼ਲਸਫਾਨਾ ਸੱਚ ਦੇ ਮਾਰਗ ਨੂੰ ਮਨੁੱਖਤਾ ਦੀ ਮੁਕਤੀ ਦੇ ਮਾਰਗ ਵਜੋਂ ਦੇਖਿਆ ਅਤੇ ਇਸ ਰੌਸ਼ਨੀ ਵਿੱਚ ਭਾਰਤ ਅੰਦਰ ਨਵ-ਜਮਹੂਰੀ ਇਨਕਲਾਬ ਦੇ ਕਾਰਜ ਵਿੱਚ ਹਿੱਸਾ ਪਾਇਆ। ਉਹ ਮੁਲਕ ਅੰਦਰੋਂ ਸਾਮਰਾਜਵਾਦੀ ਦੇ ਚੋਰ-ਗੁਲਾਮੀ ਤੇ ਜਗੀਰਦਾਰੀ ਦੇ ਖਾਤਮੇ ਰਾਹੀਂ ਲੋਕ ਇਨਕਲਾਬ ਦੇ ਟੀਚੇ ਨੂੰ ਪਰਣਾਏ ਰਹੇ। ਦਹਾਕਿਆਂ ਲੰਮੀ ਇਸ ਸਿਆਸੀ ਜ਼ਿੰਦਗੀ ਦੌਰਾਨ ਉਹਨਾਂ ਨੇ ਪੰਜਾਬ ਅੰਦਰ ਕਮਿਊਨਿਸਟ ਇਨਕਲਾਬੀ ਸਰਗਰਮੀ ਦੇ ਵੱਖ-ਵੱਖ ਖੇਤਰਾਂ 'ਚ ਤੇ ਵੱਖ-ਵੱਖ ਪੱਧਰਾਂ 'ਤੇ ਜ਼ਿੰਮੇਵਾਰੀਆਂ ਓਟੀਆਂ ਤੇ ਨਿਭਾਈਆਂ। ਹੁਣ ਉਹ ਲੰਮੇ ਅਰਸੇ ਤੋਂ 'ਸੁਰਖ ਲੀਹ' ਪ੍ਰਕਾਸ਼ਨ ਨਾਲ ਜੁੜੇ ਹੋਏ ਸਨ। ਇਸ ਪ੍ਰਕਾਸ਼ਨ ਰਾਹੀਂ ਜਿੱਥੇ ਉਹਨਾਂ ਨੇ ਇਨਕਲਾਬੀ ਲਹਿਰ ਦੇ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਲਿਖਤਾਂ ਦੀ ਛਪਾਈ ਤੇ ਵੰਡ-ਮੜਾਈ ਨੂੰ ਜਥੇਬੰਦ ਕਰਨ ਵਿੱਚ ਹਿੱਸਾ ਪਾਇਆ, ਉੱਥੇ ਵੱਖ-ਵੱਖ ਮੌਕਿਆਂ 'ਤੇ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਉਠੇ ਗ਼ਲਤ ਰੁਝਾਨਾਂ ਵੇਲੇ ਵੀ ਉਹਨਾਂ ਨੇ ਠੀਕ ਵਿਚਾਰਾਂ ਦੇ ਪਸਾਰ ਲਈ ਪ੍ਰਕਾਸ਼ਨਾਵਾਂ ਜਥੇਬੰਦ ਕਰਨ ਵਿੱਚ ਯੋਗਦਾਨ ਪਾਇਆ। ਤਿੰਨ ਸੰਸਾਰਾਂ ਦੇ ਬਦਨਾਮ ਸੋਧਵਾਦੀ ਸਿਧਾਂਤ ਵੇਲੇ ਕੌਮਾਂਤਰੀ ਬਹਿਸ "ਦੌਰਾਨ ਉਨ੍ਹਾਂ ਨੇ ਕਾ. ਹਰਭਜਨ ਸੋਹੀ ਦੀ ਦਸਤਾਵੇਜ਼ "ਮਾਓ ਵਿਚਾਰਧਾਰਾ ਦੀ ਰਾਖੀ ਕਰੋ" ਦੇ ਹੱਕ ਵਿੱਚ ਪੁਜ਼ੀਸ਼ਨ ਲਈ। ਇਸ ਦਸਤਾਵੇਜ਼ ਨੂੰ ਤੇ ਇਸ ਦੀ ਸਮਝ ਨੂੰ ਇਨਕਲਾਬੀ ਘੇਰਿਆਂ ਤੱਕ ਪਹੁੰਚਾਉਣ ਵਿੱਚ ਭੂਮਿਕਾ ਨਿਭਾਈ।

ਮੈਡੀਕਲ ਦੀ ਪੜ੍ਹਾਈ ਰਾਹੀਂ ਮਨੁੱਖਤਾ ਦੀ ਸੇਵਾ ਦੇ ਸੀਮਤ ਸੰਕਲਪ ਤੋਂ ਅੱਗੇ ਜਾਂਦਿਆਂ ਉਹਨਾਂ ਨੇ ਸਮੁੱਚੀ ਮਨੁੱਖਤਾ ਦੀ ਮੁਕਤੀ ਦੇ ਮਹਾਨ ਕਮਿਊਨਿਸਟ ਉਦੇਸ਼ ਨਾਲ ਆਪਣੇ ਆਪ ਨੂੰ ਜੋੜ ਲਿਆ ਸੀ। ਦੁਨੀਆ ਦੇ ਕਈ ਮੁਲਕਾਂ ਅੰਦਰ ਸਮਾਜਵਾਦੀ ਉਸਾਰੀ ਦੇ ਤਜਰਬਿਆਂ 'ਚੋਂ ਸਿਹਤ

ਸੰਭਾਲ ਦੇ ਖੇਤਰ ਦੀਆਂ ਸਮਾਜਵਾਦੀ ਪ੍ਰਾਪਤੀਆਂ ਨੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ। ਇਸ ਨੂੰ ਉਹਨਾਂ ਨੇ ਸਮਾਜਵਾਦੀ ਪ੍ਰਬੰਧ ਦੀ ਉੱਤਮਤਾ ਅਤੇ ਮਨੁੱਖਤਾ ਮੁਖੀ ਹੋਣ ਦੇ ਇਕ ਅਹਿਮ ਸਬੂਤ ਵਜੋਂ ਲਿਆ। ਉਹਨਾਂ ਨੇ ਇਸ ਵਿਸ਼ੇ 'ਤੇ 'ਸੁਰਖ ਲੀਹ' ਦੇ ਵਿਸ਼ੇਸ਼ ਕਾਲਮ "ਮਨੁੱਖੀ ਸਿਹਤ ਤੇ ਸਮਾਜਵਾਦ" ਲਈ ਉਹਨਾਂ ਨੇ ਕਈ ਲਿਖਤਾਂ ਲਿਖੀਆਂ ਤੇ ਅਨੁਵਾਦ ਕੀਤੀਆਂ। ਇੱਕ ਡਾਕਟਰ ਵਜੋਂ ਵੀ ਉਹਨਾਂ ਨੇ ਆਪਣੀ ਯੋਗਤਾ ਇਨਕਲਾਬੀ ਲਹਿਰ ਦੇ ਲੇਖੇ ਲਾਈ। ਲਹਿਰ ਵਿੱਚ ਹੋਰਨਾਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਉਹਨਾਂ ਨੇ ਸਾਥੀਆਂ ਦੀ ਸਿਹਤ ਸੰਭਾਲ ਦੇ ਕਾਰਜਾਂ ਵਿੱਚ ਮੋਹਰੀ ਯੋਗਦਾਨ ਪਾਇਆ। ਉਹ ਹਮੇਸ਼ਾ ਇਨਕਲਾਬੀ ਲਹਿਰ ਦੇ ਸਾਥੀਆਂ ਦੇ ਇਲਾਜ 'ਚ ਸਹਾਇਤਾ ਲਈ ਤਤਪਰ ਰਹੇ। ਕਿਸਾਨ ਮਜ਼ਦੂਰ ਲਹਿਰ ਦੇ ਕਾਰਕੁੰਨਾਂ ਦਾ ਅਜਿਹਾ ਕਾਫੀ ਵੱਡਾ ਘੇਰਾ ਹੈ ਜਿਨ੍ਹਾਂ ਨੂੰ ਇਲਾਜ ਦੌਰਾਨ ਉਹਨਾਂ ਦਾ ਸਹਿਯੋਗ ਤੇ ਸਾਥ ਹਾਸਲ ਹੋਇਆ। ਇਸ ਘੇਰੇ ਨੂੰ ਉਹਨਾਂ ਦੇ ਜਾਣ ਦੀ ਘਾਟ ਵਿਸ਼ੇਸ਼ ਤੌਰ 'ਤੇ ਰੜਕ ਰਹੀ ਹੈ। ਅਜੋਕੇ ਸਮੇਂ 'ਚ ਡਾਕਟਰੀ ਪੇਸ਼ੇ ਦੇ ਵਪਾਰੀਕਰਨ ਦੇ ਦੌਰ ਅੰਦਰ ਅਜਿਹੀ ਨਿਸ਼ਕਾਮ ਸੇਵਾ ਭਾਵਨਾ ਰਾਹੀਂ ਡਾਕਟਰ ਜਗਮੋਹਣ ਸਿੰਘ ਨੇ ਸਾਬਤ ਕੀਤਾ ਕਿ ਲੁੱਟ ਰਹਿਤ ਸਮਾਜ ਉਸਾਰਨ 'ਚ ਜੁਟੇ ਇਨਕਲਾਬੀਆਂ ਦਾ ਲੋਕਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ। ਇਸ ਭੂਮਿਕਾ ਨੇ ਦਰਸਾਇਆ ਕਿ ਇਹ ਇਨਕਲਾਬੀ ਹਨ, ਜਿਹੜੇ ਪੂੰਜੀਵਾਦੀ ਵਪਾਰੀਕਰਨ ਦੇ ਇਸ ਦੌਰ ਅੰਦਰ ਮਨੁੱਖਤਾ ਦੀ ਸੇਵਾ ਦੀ ਭਾਵਨਾ ਨੂੰ ਬੁਲੰਦ ਰੱਖ ਰਹੇ ਹਨ।

ਜਦੋਂ ਉਹ ਪ੍ਰਕਾਸ਼ਨ ਦੀਆਂ ਜ਼ਿੰਮੇਵਾਰੀਆਂ 'ਚ ਖੁੱਭੇ ਹੋਏ ਸਨ ਤਾਂ ਅਚਾਨਕ ਤਿੰਨ ਮਹੀਨੇ ਪਹਿਲਾਂ ਉਹਨਾਂ ਨੂੰ ਕੈਂਸਰ ਦੀ ਗੰਭੀਰ ਬਿਮਾਰੀ ਬਾਰੇ ਪਤਾ ਲੱਗਿਆ। ਜਦੋਂ ਤੱਕ ਲੱਛਣ ਸਾਹਮਣੇ ਆਏ, ਉਦੋਂ ਤੱਕ ਬਿਮਾਰੀ ਗੰਭੀਰ ਰੂਪ ਵਿੱਚ ਸਰੀਰ ਅੰਦਰ ਫੈਲ ਚੁੱਕੀ ਸੀ। ਅਦਾਰਾ 'ਸੁਰਖ ਲੀਹ' ਅਤੇ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਇਲਾਜ ਲਈ ਕੀਤੀਆਂ ਸਿਰਤੋੜ ਕੋਸ਼ਿਸ਼ਾਂ ਸਫਲ ਨਾ ਹੋ ਸਕੀਆਂ ਤੇ ਉਹ 5 ਜਨਵਰੀ 2024 ਨੂੰ ਕਾਫਲੇ 'ਚੋਂ ਵਿੱਛੜ ਗਏ। ਲਾਲ ਝੰਡੇ ਵਿੱਚ ਲਪੇਟੀ ਤੇ ਫੁੱਲਾਂ ਲੱਦੀ ਉਹਨਾਂ ਦੀ ਮ੍ਰਿਤਕ ਦੇਹ ਨੂੰ ਇਨਕਲਾਬੀ ਲਹਿਰ ਦੇ ਰਾਹੀਆਂ ਨੇ ਇਨਕਲਾਬੀ ਨਾਅਰਿਆਂ ਨਾਲ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਇਨਕਲਾਬ ਦੇ ਅਧੂਰੇ ਕਾਰਜ ਪੂਰੇ ਕਰਨ ਲਈ ਹੋਰ ਤਨਦੇਹੀ ਨਾਲ ਜੁਟਣ ਦੇ ਅਹਿਦ ਕੀਤੇ।

ਅਜੋਕੇ ਸਮੇਂ ਅੰਦਰ ਜਦੋਂ ਲੋਕਾਂ ਦੀ ਇਨਕਲਾਬੀ ਲਹਿਰ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹਨ ਤਾਂ ਇਹ ਲੋਕਾਂ ਲੇਖੇ ਜ਼ਿੰਦਗੀ ਲਾਉਣ ਦੀ ਨਿਹਚਾ ਦੀ ਪਰਖ ਦਾ ਸਮਾਂ ਹੈ। ਅਜਿਹੇ ਸਮੇਂ ਕਾ. ਜਗਮੋਹਣ ਸ

16-Jan-PAGE--5.qxd 1/15/2025 11:20 PM Page 1

ਮਾਘੀ ਮੇਲੇ ਮੌਕੇ ਬਸਪਾ ਨੇ ਤਲਵੰਡੀ ਸਾਬੋ ਵਿਖੇ ਕੀਤੀ ਰਾਜਸੀ ਕਾਨਫਰੰਸ

ਤਲਵੰਡੀ ਸਾਬੋ (ਜਗਦੀਪ ਗਿੱਲ)

ਮਾਘੀ ਮੇਲੇ ਮੌਕੇ ਬਸਪਾ ਨੇ ਹਰ ਸਾਲ ਦੀ ਤਰ੍ਹਾਂ ਐਂਤਕੀ ਵੀ ਤਲਵੰਡੀ ਸਾਬੋ ਵਿਖੇ ਰਾਜਸੀ ਕਾਨਫਰੰਸ ਕਰਕੇ ਜਿੱਥੇ ਕੇਂਦਰ ਅਤੇ ਸੂਬਾ ਸਰਕਾਰਾਂ 'ਤੇ ਕਿਸਾਨਾਂ-ਮਜ਼ਦੂਰਾਂ ਅਤੇ ਦਲਿਤ ਵਰਗ ਦੀ ਅਣਦੇਖੀ ਕਰਨ ਦੇ ਦੋਸ਼ ਲਾਏ, ਉੱਥੇ ਦੂਜੀਆਂ ਰਾਜਸੀ ਧਿਰਾਂ 'ਤੇ ਵੀ ਇੰਨ੍ਹਾਂ ਵਰਗਾਂ ਨੂੰ ਵੋਟ ਬੈਂਕ ਵਾਂਗ ਵਰਤਣ ਦੇ ਇਲਜ਼ਾਮ ਲਗਾਏ।ਰੈਲੀ ਨੂੰ ਸਬੋਧਨ ਕਰਦਿਆਂ ਬਸਪਾ ਦੇ ਸੂਬਾ ਆਗੂ ਮਾਸਟਰ ਜਗਦੀਪ ਸਿੰਘ ਗੋਗੀ ਨੇ ਜਿੱਥੇ ਖਿਦਰਾਣੇ ਦੀ ਢਾਬ ਵਿਖੇ ਹੋਈ ਜੰਗ 'ਚ ਸ਼ਹਾਦਤ ਹਾਸਲ ਕਰਨ ਵਾਲੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉੱਥੇ ਸਮੁੱਚੇ ਵਰਕਰਾਂ ਨੂੰ ਬਸਪਾ ਸੁਪਰੀਮੋ ਮਾਇਆਵਤੀ ਦੇ 69ਵੇਂ ਜਨਮ ਦਿਨ ਦੀ ਵਧਾਈ ਦਿੱਤੀ।ਇਸ ਮੌਕੇ ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਪ੍ਰਣ ਕਰਨ ਕਿ ਬਸਪਾ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਤੇਜ਼ ਕਰਕੇ ਹਰ ਦੱਬੇ, ਕੁਚਲੇ ਅਤੇ ਲਤਾੜੇ ਜਾ ਰਹੇ ਵਿਅਕਤੀ ਤੱਕ ਪਹੁੰਚਾਉਣਗੇ।ਉਨ੍ਹਾਂ ਕਿਹਾ ਕਿ ਦੂਜੀਆਂ ਰਾਜਸੀ ਧਿਰਾਂ ਜਿੱਥੇ ਦਲਿਤਾਂ ਅਤੇ ਕਿਸਾਨਾਂ-ਮਜ਼ਦੂਰਾਂ ਨੂੰ ਸਿਰਫ ਵੋਟ ਬੈਂਕ ਸਮਝਦੀਆਂ ਹਨ ਉੱਥੇ ਕੇਵਲ ਅਤੇ ਕੇਵਲ ਬਸਪਾ ਹੀ ਉਹ ਧਿਰ ਹੈ ਜੋ ਇੰਨ੍ਹਾਂ ਨੂੰ ਰਾਜ ਭਾਗ ਦਿਵਾ ਸਕਦੀ ਹੈ।ਉਨ੍ਹਾਂ ਕਿਹਾ ਕਿ ਮਰਹੂਮ ਸਾਹਿਬ ਸ੍ਰੀ ਕਾਸ਼ੀ ਰਾਮ ਵੱਲੋਂ ਚਲਾਈ ਇਸ ਮੁਹਿੰਮ ਨੂੰ ਜਾਰੀ ਰੱਖਣ ਲਈ ਭੈਣ ਮਾਇਆਵਤੀ ਵੱਲੋਂ ਕੀਤੇ ਜਾਣ ਵਾਲੇ ਹਰ ਯਤਨ *ਤੇ ਬਸਪਾ ਵਰਕਰ ਫੁੱਲ ਚੜ੍ਹਾਉਣਗੇ।ਬਸਪਾ ਦੇ ਸੂਬਾ ਜਨਰਲ ਸਕੱਤਰ ਲਖਵੀਰ ਸਿੰਘ ਨਿੱਕਾ ਨੇ ਕਿਹਾ ਕਿ ਜਦੋਂ ਤੱਕ ਦੱਬੇ ਕੁਚਲੇ ਲੋਕ ਆਪਣੀ ਵੋਟ ਦੀ ਤਾਕਤ ਨਹੀਂ ਸਮਝਦੇ ਉਦੋਂ ਤੱਕ ਕ੍ਰਾਂਤੀਕਾਰੀ ਤਬਦੀਲੀ ਦੀ ਆਸ ਨਹੀਂ ਰੱਖੀ ਜਾ ਸਕਦੀ।ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਆਪਣੇ ਕੰਮਾਂ ਕਾਰਾਂ ਕਰਕੇ ਦਲਿਤ ਅਤੇ ਮਜ਼ਦੂਰ ਵਿਰੋਧੀ ਸਾਬਿਤ ਹੋਈ ਹੈ ਉੱਥੇ ਬਦਲਾਅ ਦੇ ਨਾਂ 'ਤੇ ਸੱਤਾ 'ਚ ਆਈ ਪੰਜਾਬ ਦੀ ਆਪ ਸਰਕਾਰ ਨੇ ਵੀ ਫੋਕੀ ਬਿਆਨਬਾਜ਼ੀ ਤੋਂ ਬਿਨ੍ਹਾਂ ਕੱਖ ਨਹੀਂ ਕੀਤਾ। ਜਦ ਕਿ ਕਈ ਮਾਮਲਿਆਂ 'ਚ ਇਹ ਸਰਕਾਰ ਸਰਮਾਏਦਾਰ ਪੱਖੀ ਸਾਬਿਤ ਹੋ ਚੁੱਕੀ ਹੈ।ਕਿਰਨਪਾਲ ਕੌਰ ਨੇ ਸਮਾਜ 'ਚ ਕ੍ਰਾਂਤੀਕਾਰੀ ਬਦਲਾਅ ਲਈ ਬੀਬੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।

ਕਾਨਫਰੰਸ ਨੂੰ ਮਹਿੰਦਰ ਸਿੰਘ ਭੱਟੀ ਜ਼ਿਲ੍ਹਾ ਇੰਚਾਰਜ ਬਸਪਾ,ਹਰਨੇਕ ਸਿੰਘ ਜਗਾ ਰਾਮ ਤੀਰਥ, ਕਾਮਰੇਡ ਮੱਖਣ ਸਿੰਘ,ਜਸਵੰਤ ਸਿੰਘ ਸ਼ਹਿਰੀ ਪ੍ਰਧਾਨ, ਘੀਲਾ ਸਿੰਘ ਪੰਚ, ਸਾਧੂ ਸਿੰਘ ਭਾਗੀਵਾਂਦਰ ਨੇ ਵੀ ਸਬੋਧਨ ਕੀਤਾ।ਗਾਇਕਾ ਮਨਦੀਪ ਕੌਰ ਮਨੀ ਨੇ ਬਹੁਜਨ ਸਮਾਜ ਦੀ ਕੀਤੀ ਜਾ ਰਹੀ ਲੁੱਟ ਦੀ ਆਪਣੇ ਗੀਤਾਂ ਰਾਹੀਂ ਪੇਸ਼ਕਾਰੀ ਦਿੱਤੀ।

ਸੀਵਰੇਜ ਕਰਕੇ ਨਰਕ ਭੋਗਣ ਦੀ ਬਜਾਏ ਦੁਕਾਨਦਾਰ ਸੰਘਰਸ਼ 'ਚ ਕਰਨ ਸ਼ਮੂਲੀਅਤ : ਚੌਹਾਨ/ਗੋਗਾ

ਮਾਨਸਾ (ਆਤਮਾ ਸਿੰਘ ਪਮਾਰ) ਸੀਵਰੇਜ ਸਿਸਟਮ ਖਿਲਾਫ ਤੇ ਪੱਕੇ ਹੱਲ ਸਬੰਧੀ ਚਲ ਰਿਹਾ ਰੋਸ ਧਰਨਾ ਜਾਰੀ ਹੈ। ਧਰਨਾ ਬੇਸ਼ੱਕ ਸ਼ਹਿਰ ਦੇ ਕੌਂਸਲਰ ਰਾਮਪਾਲ ਸਿੰਘ ਬੱਪੀਆਣਾ, ਅਮ੍ਰਿਤਪਾਲ ਗੋਗਾ, ਹੰਸਾ ਸਿੰਘ ਤੇ ਅਜੀਤ ਸਿੰਘ ਸਰਪੰਚ ਸਮੇਤ ਧਾਰਮਿਕ ਸਮਾਜਿਕ ਵਪਾਰਕ ਰਾਜਸੀ ਜਮਹੂਰੀ ਤੇ ਜਨਤਕ ਜਥੇਬੰਦੀਆਂ ਦੀ ਅਗਵਾਈ ਹੇਠ ਚਲ ਰਿਹਾ ਹੈ। ਪ੍ਰੰਤੂ ਸ਼ਹਿਰ ਨਿਵਾਸੀਆਂ ਤੇ ਦੁਕਾਨਦਾਰਾਂ ਦੇ ਸਹਿਯੋਗ ਬਗੈਰ ਮਸਲੇ ਦਾ ਹੱਲ ਨਹੀਂ ਹੋ ਸਕਦਾ।ਧਰਨੇ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਤੇ ਸੀਵਰੇਜ ਸੰਘਰਸ਼ ਕਮੇਟੀ ਦੇ ਅਮ੍ਰਿਤਪਾਲ ਗੋਗਾ ਨੇ ਕਿਹਾ ਕਿ ਸ਼ਹਿਰ ਵਿਚ ਸੀਵਰੇਜ ਕਾਰਨ ਨਰਕ ਭੋਗਣ ਦੀ ਬਜਾਏ ਸ਼ਹਿਰੀ ਤੇ ਦੁਕਾਨਦਾਰ ਚੱਲ ਰਹੇ ਸੰਘਰਸ਼ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ।ਆਗੂਆਂ ਨੇ ਕਿਹਾ ਕਿ 12 ਜਨਵਰੀ ਨੂੰ ਖਰਾਬ ਮੌਸਮ ਦੇ ਬਾਵਜੂਦ ਵੀ ਵੱਡੀ ਗਿਣਤੀ ਲੋਕਾਂ ਦੇ ਹਾਜ਼ਰ ਹੋਣ ਨਾਲ ਰੋਸ ਮਾਰਚ ਅਤੇ ਸੰਘਰਸ਼ ਨੂੰ ਬਲ ਮਿਲਿਆ ਹੈ।ਆਗੂਆਂ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਅਜੇ ਤਕ ਕੋਈ ਵੀ ਮਸਲੇ ਦਾ ਹੱਲ ਨਹੀਂ ਕੀਤਾ ਜਾ ਸਕਿਆ।ਜਿਸ ਕਰਕੇ ਆਮ ਲੋਕਾਂ ਵਿੱਚ ਨਗਰ ਕੌਂਸਲ, ਸੀਵਰੇਜ ਬੋਰਡ ਤੇ ਸੱਤਾਧਾਰੀਆਂ ਖਿਲਾਫ ਰੋਸ ਵਧ ਰਿਹਾ ਹੈ।ਧਰਨੇ ਨੂੰ ਸੀ ਪੀ ਆਈ ਦੇ ਸ਼ਹਿਰੀ ਸਕੱਤਰ ਰਤਨ ਭੋਲਾ, ਏਟਕ ਆਗੂ ਬੂਟਾ ਸਿੰਘ ਬਰਨਾਲਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੁਖਦੇਵ ਸਿੰਘ ਪੰਧੇਰ, ਭੂਸ਼ਨ ਸ਼ਰਮਾ, ਲਾਭ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਐੱਨ ਐੱਸ ਕਿਊਂ ਐੱਫ਼ ਵੋਕੇਸ਼ਨਲ ਟੀਚਰਜ਼ ਫ਼ਰੰਟ ਵੱਲੋਂ ਅਰਥੀ ਫੂਕ ਮੁਜ਼ਾਹਰੇ ਦਾ ਐਲਾਨ

ਮਾਨਸਾ (ਆਤਮਾ ਸਿੰਘ ਪਮਾਰ) ਐਨ ਐਸ ਕਿਊ ਐਫ ਵੋਕੇਸ਼ਨਲ ਟੀਚਰਜ਼ ਫਰੰਟ ਦੀ ਮੀਟਿੰਗ ਸਿੱਖਿਆ ਮੰਤਰੀ ਨਾਲ ਇੱਕ ਬਾਕਾਇਦਾ ਰੂਪ ਵਿਚ ਤਹਿ ਹੋਈ ਸੀ।ਪਰ ਫ੍ਰੰਟ ਦੇ ਆਗੂਆਂ ਨੇ ਲਗਾਤਾਰ 4 ਘੰਟੇ ਤੱਕ ਉਡੀਕ ਕੀਤੀ ਪ੍ਰੰਤੂ ਫਿਰ ਵੀ ਸਿੱਖਿਆ ਮੰਤਰੀ ਨਾਲ ਮੀਟਿੰਗ ਨਹੀਂ ਹੋ ਸਕੀ।ਜਿਸ ਦੇ ਵਿਰੋਧ ਵਿੱਚ ਜਥੇਬੰਦੀ ਦੇ ਆਗੂਆਂ ਵੱਲੋਂ 18 ਜਨਵਰੀ ਦਿਨ ਸ਼ਨੀਵਾਰ ਨੂੰ ਸਮੁੱਚੇ ਪੰਜਾਬ ਵਿੱਚ ਪੰਜਾਬ ਜ਼ਿਲਾ ਪੱਧਰ ਪੰਜਾਬ ਸਰਕਾਰ ਦੀ ਅਰਥੀ ਫੂਕਣ ਦਾ ਐਲਾਨ ਕਰ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਨਐਸ ਕਿਊਐਫ ਵੋਕੇਸ਼ਨਲ ਟੀਚਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਸਰਕਾਰ ਸਾਡੀਆ ਮੰਗਾਂ ਮੰਨਣ ਦੀ ਬਜਾਏ ਵਾਰ ਵਾਰ ਮੀਟਿੰਗ ਦੇ ਕੇ ਗੱਲਬਾਤ ਤੋਂ ਭੱਜ ਰਹੀ ਹੈ।ਜਿਸ ਕਰਕੇ ਸਾਡੇ ਕੋਲ ਸੰਘਰਸ਼ ਤੋਂ ਬਿਨ੍ਹਾਂ ਹੋਰ ਕੋਈ ਹੋਰ ਚਾਰਾ ਨਹੀਂ।ਇਸ ਮੌਕੇ ਜਥੇਬੰਦੀ ਦੇ ਜਿਲ੍ਹਾ ਵਿੱਤ ਸਕੱਤਰ ਨਰਪਿੰਦਰ ਸਿੰਘ ਮਾਨਸਾ ਨੇ ਕਿਹਾ ਕੇ ਸਰਕਾਰ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਅਧਿਆਪਕਾ ਨੂੰ ਕੰਪਨੀਆਂ ਦੇ ਚੁੰਗਲ ਵਿੱਚੋ ਕੱਢਕੇ ਸਿੱਖਿਆ ਵਿਭਾਗ ਵਿੱਚ ਰਲੇਵਾਂ ਕਰੇ।ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਸਰਕਾਰ ਨੂੰ ਅਧਿਆਪਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਵੇਗਾ।ਜਿਸ ਦੀ ਪਹਿਲੀ ਲੜੀ ਤਹਿਤ ਆਉਣ ਵਾਲੀ 18 ਦਿਨ ਸ਼ਨੀਵਾਰ ਨੂੰ ਮਾਨਸਾ ਦੇ ਬਾਲ ਭਵਨ ਵਿਖੇ ਅਰਥੀ ਫੂਕ ਮੁਜਾਹਰਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਭੀਖੀ, ਵਰਿੰਦਰ ਖੀਵਾ, ਜਸਪਾਲ ਸਿੰਘ, ਲਾਭ ਸਿੰਘ, ਮਨਜੀਤ ਸਿੰਘ, ਰਾਜ ਸਿੰਘ, ਬਿਕਰ ਸਿੰਘ, ਅੰਮ੍ਰਿਤਪਾਲ ਸਿੰਘ, ਅਮਰਿੰਦਰ ਸਿੰਘ, ਅਵਤਾਰ ਸਿੰਘ, ਸਰਬਜੀਤ ਸਿੰਘ, ਪਰਦੀਪ ਸਿੰਘ ਮਨੋਜ ਕੁਮਾਰ, ਸੁਖਦੀਪ ਸਿੰਘ ਦਿਲਜੀਤ ਸਿੰਘ ਆਦਿ ਵੀ ਹਜ਼ਾਰ ਸਨ।

ਜ਼ਮੀਨਾਂ 'ਤੇ ਕਬਜ਼ੇ ਦੇ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਟੁੱਟੇ ਰਿਕਾਰਡ : ਡਾ. ਹਰਜੋਤ ਕਮਲ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਭਾਜਪਾ ਦੇ ਸੈਕਟਰੀ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਨੇ ਬਿਨਾਂ ਨਾਮ ਲਏ ਆਮ ਆਦਮੀ ਪਾਰਟੀ ਨਾਲ ਜੁੜੇ ਨੇਤਾਵਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਭਾਜਪਾ ਨੇਤਾਵਾਂ ਨਾਲ ਬਦਲੇ ਦੀ ਰਾਜਨੀਤੀ ਨਾਲ ਪ੍ਰੇਰਿਤ ਹੋ ਕੇ ਕੰਮ ਕਰਨਾ ਬੰਦ ਕਰ ਦੇਣ, ਫਰਜ਼ੀ ਮੁਕੱਦਮੇ ਦਰਜ ਕਰਵਾਉਣੇ ਬੰਦ ਕਰਨ, ਜੋ ਲੋਕ ਅਜਿਹਾ ਕਰ ਰਹੇ ਹਨ, ਉਹ ਆਪਣੇ ਆਉਣ ਵਾਲੇ ਕੱਲ੍ਹ ਬਾਰੇ ਚੰਗੀ ਤਰ੍ਹਾਂ ਸੋਚ ਵਿਚਾਰ ਕਰਨ, ਸਰਕਾਰ ਬਦਲੇਗੀ ਤਾਂ ਉਨ੍ਹਾਂ ਦੇ ਨਾਲ ਇਸਤੋਂ ਵੀ ਵੱਧ ਹੋ ਸਕਦਾ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਰਾਜਨੀਤੀ ਵਿਚਾਰਾਂ ਦੀ ਲੜਾਈ ਹੈ ਨਿੱਜੀ ਦੁਸ਼ਮਣੀ ਦੀ ਨਹੀਂ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਸੱਤਾ ਵਿੱਚ ਆਏ ਲੋਕ ਖੁਦ ਨੂੰ ਸਰਵਸ਼ਕਤੀਮਾਨ ਬਣਾ ਕੇ ਕੰਮ ਕਰ ਰਹੇ ਹਨ, ਜ਼ਮੀਨਾਂ 'ਤੇ ਕਬਜ਼ੇ ਦਾ ਤਾਂ ਇਸ ਸਰਕਾਰ ਦੇ ਆਉਣ ਤੋਂ ਬਾਅਦ ਰਿਕਾਰਡ ਹੀ ਟੁੱਟ ਚੁੱਕਾ ਹੈ, ਜਿਸ ਜ਼ਮੀਨਾਂ 'ਤੇ ਕਬਜ਼ੇ ਨਹੀਂ ਕਰ ਸਕੀ, ਉਥੇ ਦੂਸਰੇ ਲੋਕ ਜੇਕਰ ਜ਼ਮੀਨ ਖਰੀਦ ਲੈਂਦੇ ਹਨ ਤਾਂ ਉਨ੍ਹਾਂ ਖਿਲਾਫ ਝੂਠੇ ਕੇਸ ਦਰਜ ਕਰਾਏ ਜਾ ਰਹੇ ਹਨ। ਇਹ ਲੋਕਤੰਤਰਿਕ ਰੂਪ ਤੋਂ ਵੀ ਗਲਤ ਹੈ ਤੇ ਵਿਹਾਰਕ ਰੂਪ ਤੋਂ ਵੀ ਗਲਤ ਹੈ।ਮਹਿੰਗੀਆਂ ਸਰਕਾਰੀ ਤੇ ਨਿੱਜੀ ਸੰਪਤੀਆਂ 'ਤੇ ਡਰਾ ਕੇ, ਧਮਕਾ ਕੇ ਤੇ ਫਰਜ਼ੀ ਮੁਕੱਦਮੇ ਦਰਜ ਕਰਵਾ ਕੇ ਕੌਡੀਆਂ ਦੇ ਭਾਅ ਰਜਿਸਟਰੀਆਂ ਕਰਵਾਉਣ ਦੇ ਮਾਮਲੇ ਆਮ ਹੋ ਗਏ ਹਨ। ਮੋਗਾ ਦੇ ਇੱਕ ਪਿੰਡ ਵਿੱਚ ਰਸੂਖਦਾਰ ਲੋਕਾਂ ਨੇ ਗੌਚਰ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕਰ ਲਿਆ, ਸਰਕਾਰ ਕਦੋਂ ਤੱਕ ਇਹ ਮਾਮਲਾ ਸੁਲਝਾਏਗੀ, ਇਹ ਲੋਕਾਂ ਨੂੰ ਦੱਸਣਾ ਚਾਹੀਦਾ ਹੈ।

ਡਾ. ਹਰਜੋਤ ਕਮਲ ਨੇ ਕਿਹਾ ਕਿ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਵਿਧਾਨ ਸਭਾ ਤੱਕ ਇਹ ਮਾਮਲਾ ਚੁੱਕਿਆ ਸੀ, ਸਰਕਾਰ ਤੋਂ ਲੈ ਕੇ ਏਡੀਸੀ ਤੱਕ ਇਸ ਨੂੰ ਪੰਚਾਇਤ ਦੀ ਸੰਪਤੀ ਘੋਸ਼ਿਤ ਕਰਵਾਉਣ ਦੀ ਲੜਾਈ ਲੜੀ ਸੀ, ਪਰ ਨਵੀਂ ਸਰਕਾਰ ਆਉਣ 'ਤੇ ਮਾਮਲਾ ਠੱਪ ਹੋ ਗਿਆ।

ਮਾਘੀ ਮੌਕੇ ਸਲਾਬਤਪੁਰਾ ਦੀ ਸੰਗਤ ਨੇ ਲਗਾਇਆ ਲੰਗਰ

ਬਠਿੰਡਾ (ਰਾਜੀਵ ਗੋਇਲ)-ਮਾਘੀ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਜ਼ਿਲ੍ਹੇ ਦੇ ਪਿੰਡ ਸਲਾਬਤਪੁਰਾ ਦੀ ਸੰਗਤ ਵੱਲੋਂ ਮੁੱਖ ਚੌਕ ਵਿਖੇ ਚਾਹ ਅਤੇ ਜਲੇਬੀਆਂ ਦਾ ਲੰਗਰ ਲਗਾਇਆ ਗਿਆ, ਜਿਸ ਵਿੱਚ ਆਉਣ ਜਾਣ ਵਾਲੇ ਰਾਹਗੀਰਾਂ ਸਮੇਤ ਨੇੜੇ ਦੇ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਜਾ ਰਹੀਆਂ ਸੰਗਤਾਂ ਨੇ ਲੰਗਰ ਛਕਿਆ। ਇਸ ਮੌਕੇ ਪਿੰਡ ਦੇ ਨੌਜਵਾਨਾਂ ਅਤੇ ਦੁਕਾਨਦਾਰਾਂ ਵੱਲੋਂ ਵਧ ਚੜ੍ਹ ਕੇ ਸੇਵਾ ਕੀਤੀ ਗਈ ਅਤੇ ਆਉਂਦੀਆਂ ਜਾਂਦੀਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਇਸ ਮੌਕੇ ਸਮੂਹ ਨਗਰ ਤੇ ਸਤਿਕਾਰ ਕਮੇਟੀ ਦਾ ਯੋਗਦਾਨ ਰਿਹਾ।

ਗ੍ਰਾਮ ਪੰਚਾਇਤ ਬਾਹਮਣੀਵਾਲਾ ਨੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਪੇਸ਼ ਕੀਤਾ ਮਤਾ

ਜਲਾਲਾਬਾਦ (ਜੀਤ ਕੁਮਾਰ/ਸੰਗੀਰ ਕੌਰ) - ਅੱਜ ਮਾਘੀ ਦੇ ਪਵਿੱਤਰ ਦਿਹਾੜੇ ਦੇ ਮੌਕੇ ਗ੍ਰਾਮ ਪੰਚਾਇਤ ਪਿੰਡ ਬਾਹਮਣੀ ਵਾਲਾ ਅਤੇ ਪਿੰਡ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਨਿਵੇਕਲੀ ਸ਼ੁਰੂਆਤ ਕਰਦੇ ਹੋਏ ਫੌਜ ਵਿੱਚ ਭਰਤੀ ਹੋਏ ਸੁਰਿੰਦਰ ਸਿੰਘ ਅਤੇ ਤੇਜਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ ਦੋਨਾਂ ਭਰਾਵਾਂ ਨੂੰ ਦੇਸੀ ਘਿਓ ਅਤੇ ਸ਼ੀਲਡਾਂ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਉਕਤ ਨੌਜਵਾਨਾਂ ਨੂੰ ਫੌਜ 'ਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਦੇ ਬਦਲੇ ਕੀਤਾ ਗਿਆ ਹੈ ਅਤੇ ਨੌਜਵਾਨਾਂ ਨੂੰ ਵਧੀਆ ਇਨਸਾਨ ਬਣਨ ਅਤੇ ਆਪਣੇ ਮਾਪਿਆਂ ਅਤੇ ਪਿੰਡ ਦਾ ਨਾਂਅ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਉਪਰੰਤ ਪਿੰਡ ਦੇ ਸਰਪੰਚ ਬਲਬੀਰ ਸਿੰਘ ਵੱਲੋਂ ਕਈ ਨਵੇਂ ਪੰਚਾਇਤੀ ਮਤਿਆਂ ਦੀ ਘੋਸ਼ਣਾ ਕੀਤੀ ਗਈ, ਜਿਵੇਂ ਵੱਖ-ਵੱਖ ਇਮਤਿਹਾਨਾਂ ਦੀ ਤਿਆਰੀ ਮੁਫਤ ਵਿੱਚ ਕਰਾਉਣ ਦਾ ਪ੍ਰਬੰਧ ਕਰਨਾ, ਨਸ਼ੇ ਵੇਚਣ ਅਤੇ ਖਰੀਦਣ ਵਾਲੇ ਵਿਅਕਤੀਆਂ ਦਾ ਪੰਚਾਇਤ ਵੱਲੋਂ ਸਾਥ ਨਾ ਦੇਣਾ, ਚਾਈਨਾ ਡੋਰ 'ਤੇ ਮੁਕੰਮਲ ਪਾਬੰਦੀ ਲਗਾਉਣਾ, ਕਬੂਤਰਬਾਜ਼ੀ 'ਤੇ ਰੋਕ ਲਗਾਉਣਾ, ਪਿੰਡ ਵਿੱਚ ਆਉਣ ਵਾਲੇ ਕਿੰਨਰਾਂ ਦੀ ਵਧਾਈ ਦੀ ਰਕਮ ਕ੍ਰਮਵਾਰ 1100 ਰੁਪਏ , 2100 ਰੁਪਏ ਅਤੇ ਵੱਧ ਤੋਂ ਵੱਧ 3100 ਰੁਪਏ ਨਿਸਚਿਤ ਕਰਨਾ ਆਦਿ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਗੁੰਡਾਗਰਦੀ ਕਰਨ ਵਾਲੇ ਗਲਤ ਅਨਸਰਾਂ ਦੀ ਗ੍ਰਾਮ ਪੰਚਾਇਤ ਕਦੇ ਵੀ ਸਿਫਾਰਸ਼ ਨਹੀਂ ਕਰੇਗੀ। ਪਿੰਡ ਦੇ ਸਫਾਈ ਅਭਿਆਨ ਤੋਂ ਬਾਅਦ ਗਲੀਆਂ, ਫਿਰਨੀ ਤੇ ਕੂੜਾ ਕਰਕਟ ਸੁੱਟਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਪੰਚਾਇਤ ਮੈਂਬਰ ਕਾਲਾ ਸਿੰਘ, ਕਰਨੈਲ ਸਿੰਘ, ਰਿੰਕਲ ਗੁੰਬਰ, ਪ੍ਰੇਮ ਸਿੰਘ, ਸੁਰਜੀਤ ਸਿੰਘ, ਮੰਗਾ ਸਿੰਘ, ਸੰਦੀਪ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਸਮੇਤ ਸਾਰੇ ਕਮੇਟੀ ਮੈਂਬਰ ਹਾਜ਼ਰ ਸਨ।

ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ) -ਪੰਜਾਬ ਸਰਕਾਰ ਵੱਲੋਂ 31 ਜਨਵਰੀ 2025 ਤੱਕ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਜ਼ਿਲ੍ਹਾ ਫਰੀਦਕੋਟ ਵਿਖੇ ਟਰਾਂਸਪੋਰਟ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀ ਵਿਨੀਤ ਕੁਮਾਰ, ਡਾ ਪ੍ਰਿਆ ਜੈਨ ਜ਼ਿਲ੍ਹਾ ਪੁਲਸ

16 - January - Page - 6.qxd 1/15/2025 11:10 PM Page 1

ਬਿਆਸ ਪਿੰਡ ਤੋਂ ਚਾਰ ਬੱਕਰੇ ਚੋਰੀ

ਅਲਾਵਲਪੁਰ, (ਮਦਨ ਬੰਗੜ)- ਬੀਤੀ ਰਾਤ ਬਿਆਸ ਪਿੰਡ ਵਿਖੇ ਚੋਰਾਂ ਵੱਲੋਂ ਪ੍ਰਵਾਸੀ ਦੇ ਘਰ ਵਿੱਚ ਰੱਖੇ ਹੋਏ ਚਾਰ ਬੱਕਰੇ ਚੋਰੀ ਹੋ ਗਏ। ਸ਼ੀਲਾ ਦੇਵੀ ਪਤਨੀ ਰਾਮ ਬਾਬੂ ਵਾਸੀ ਬਿਆਸ ਪਿੰਡ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਉਹ ਸੁੱਤੇ ਹੋਏ ਸਨ, ਤਾਂ ਉਹਨਾਂ ਦੇ ਘਰ ਵਿੱਚ ਰੱਖੇ ਹੋਏ ਪਸ਼ੂਆਂ ਦਾ ਸ਼ੋਰ ਸੁਣ ਕੇ ਉਸ ਦੀ ਨੀਂਦ ਖੁੱਲ ਗਈ। ਜਦੋਂ ਉਸ ਨੇ ਬਾਹਰ ਨਿਕਲ ਕੇ ਵੇਖਿਆ ਤਾਂ ਹਨੇਰੇ ਵਿੱਚ ਤਿੰਨ ਵਿਅਕਤੀ ਉਸ ਨੂੰ ਦਿਖਾਈ ਦਿੱਤੇ ਜਿਨ੍ਹਾਂ ਨੇ ਉਨ੍ਹਾਂ ਦੇ ਬੱਕਰੇ ਚੁੱਕੇ ਹੋਏ ਸਨ।ਨਜਦੀਕ ਹੀ ਇੱਕ ਚਾਰ ਪਹੀਆ ਛੋਟਾ ਵਾਹਨ ਖੜਾ ਸੀ, ਜਿਸ ਵਿੱਚ ਉਹਨਾਂ ਵਿਅਕਤੀਆਂ ਨੇ ਬੱਕਰਿਆਂ ਨੂੰ ਸੁੱਟ ਦਿੱਤਾ ਅਤੇ ਦਰਵਾਜ਼ੇ ਬੰਦ ਕਰਕੇ ਉਥੋਂ ਫਰਾਰ ਹੋ ਗਏ। ਉਸ ਨੇ ਰੌਲਾ ਬਹੁਤ ਪਾਇਆ ਪਰ ਕੋਈ ਉੱਠਿਆ ਨਹੀਂ। ਇਸ ਤੋਂ ਪਹਿਲਾਂ ਕਿ ਉਸ ਦੇ ਪਰਵਾਰਕ ਮੈਂਬਰ ਵੀ ਉੱਠਦੇ, ਚੋਰ ਬੱਕਰੇ ਚੋਰੀ ਕਰਕੇ ਛੋਟੀ ਬੰਦ ਗੱਡੀ ਵਿੱਚ ਫਰਾਰ ਹੋਣ ਵਿੱਚ ਸਫਲ ਹ�ो ਗਏ। ਇੱਕ ਚੋਰ ਗੱਡੀ ਵਿੱਚ ਬੈਠਾ ਹੋਇਆ ਸੀ। ਤਿੰਨ ਚੋਰ ਬਕਰਿਆਂ ਨੂੰ ਗੱਡੀ ਵਿੱਚ ਸੁੱਟ ਰਹੇ ਸਨ।ਉਹਨਾਂ ਦੱਸਿਆ ਕਿ ਇੱਕ ਬੱਕਰੇ ਦੀ ਕੀਮਤ ਲਗਭਗ 25 ਹਜਾਰ ਰੁਪਏ ਹੈ।

ਪ੍ਰਾਇਮਰੀ ਹੈਲਥ ਸੈਂਟਰ, ਟਾਂਡਾ

ਫੋਨ ਨੰਬਰ : 01886-222226 phctandasa@gmail.com

ਟੈਂਡਰ ਨੋਟਿਸ

ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀ. ਐੱਚ. ਸੀ. ਟਾਂਡਾ ਦੇ ਸਾਈਕਲ ਸਟੈਂਡ ਲਈ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਟੈਂਡਰ ਸੰਬੰਧੀ ਫਾਰਮ ਇਸ ਸੰਸਥਾ ਦੇ ਕਮਰਾ ਨੰਬਰ 1 ਤੋਂ ਕੰਮ ਵਾਲੇ ਦਿਨਾਂ ਵਿਚ ਮਿਤੀ 01.02.2025 ਦੁਪਹਿਰ 02.00 ਵਜੇ ਤੱਕ 300/- ਰੁਪਏ ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ। ਸ਼ਰਤਾਂ ਸੰਬੰਧੀ ਸਾਈਕਲ ਸਟੈਂਡ ਦੀ ਸ਼ੁਰੂਆਤੀ ਰਿਜ਼ਰਵ ਕੀਮਤ 34425/- ਹੈ। ਉਪਰੋਕਤ ਸੰਬੰਧੀ ਸੀਲਡ ਟੈਂਡਰ ਨਿਮਨਹਸਤਾਖਰ ਪਾਸ ਮਿਤੀ 01.02.2025 ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ। ਟੈਂਡਰ ਮਿਤੀ 03.02.2025 ਨੂੰ 12.00 ਵਜੇ ਗਠਿਤ ਕਮੇਟੀ ਵੱਲੋਂ ਚਾਹਵਾਨਾਂ ਦੀ ਹਾਜ਼ਰੀ ਵਿਚ ਖੋਲ੍ਹੇ ਜਾਣਗੇ। ਨਿਮਨਹਸਤਾਖਰ ਕਿਸੇ ਵੀ ਕਾਰਨ ਇਨ੍ਹਾਂ ਟੈਂਡਰਾਂ ਨੂੰ ਰੱਦ ਕਰ ਸਕਦਾ ਹੈ।

Sd/-SMO I/C CHC, Tanda

ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ, (ਪਹਿਲਾ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਕੰਪਨੀਜ਼ ਐਕਟ 1956 ਤਹਿਤ ਇਕ ਕਾਰਪੋਰੇਟ ਅਦਾਰਾ, ਜਿਸ ਦਾ ਮੁੱਖ ਦਫਤਰ, 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ 'ਚੋਂ ਇੱਕ ਸ਼ਾਖਾ ਦਫਤਰ ਕੋਟਕਪੂਰਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਜਗਸੀਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਵਾਸੀ ਘਨੀਆ ਵਾਲਾ ਰੋਡ, ਨੇੜੇ ਸਰਵਿਸ ਸਟੇਸ਼ਨ, ਅੱਲਖ, ਫਰੀਦਕੋਟ-151207
2. ਸਰਬਜੀਤ ਕੌਰ ਪਤਨੀ ਜਗਸੀਰ ਸਿੰਘ ਵਾਸੀ ਘਨੀਆ ਵਾਲਾ ਰੋਡ, ਨੇੜੇ ਸਰਵਿਸ ਸਟੇਸ਼ਨ, ਅੱਲਖ, ਫਰੀਦਕੋਟ-151207
3. ਬੇਅੰਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਧਰਮਸ਼ਾਲਾ ਦੇ ਨੇੜੇ ਹਰੀ ਨੌਂ, ਫਰੀਦਕੋਟ-151204

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਪਹਿਲੀ ਵਾਰ ਭੇਜੇ ਗਏ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਏ। ਦੂਜੀ ਵਾਰ ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਜੋ ਕਿ ਲਿਫਾਫੇ ਅਤੇ ਵਾਪਸੀ ਰਸੀਦਾਂ ਸਨ, ਵਾਪਸ ਪ੍ਰਾਪਤ ਨਹੀਂ ਹੋਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ ਅਤੇ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਫਿਰ ਵੀ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 21.02.2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 15.01.2025 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਪੀ. ਛਿੱਬਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਮਿਸਲ ਨੰਬਰ 20/ਟੀ , ਦਾਇਰ ਮਿਤੀ : 18.06.2024,
ਪਿੰਡ : ਪੱਲੀ ਉੱਚੀ ਤਾਰੀਖ ਪੇਸ਼ੀ : 17.01.2025 ਕਿਸਮ ਕੇਸ : ਤਕਸੀਮ

ਕੇਸ ਅਨੁਵਾਨ : ਕੇਸਰ ਸਿੰਘ ਬਨਾਮ ਬਲਦੇਵ ਸਿੰਘ

1. ਕੇਸਰ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਨਾਮਾ ਵਾਸੀ ਪਿੰਡ ਪੱਲੀ ਉੱਚੀ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

.....ਫਰੀਕ ਅੱਵਲ

ਬਨਾਮ

1. ਚੰਨਣ (ਮੌਤ ਹੋ ਚੁੱਕੀ ਹੈ) ਪੁੱਤਰ ਨਾਮਾ (ਵਾਰਸ ਧੰਨਾ) 2. ਬਲਦੇਵ ਸਿੰਘ, 3. ਸੁਰਜੀਤ ਸਿੰਘ 4. ਕਸ਼ਮੀਰ ਕੌਰ ਵਿਧਵਾ ਸੰਤੋਖ ਸਿੰਘ 5. ਅਮਰੀਕ ਸਿੰਘ ਪੁੱਤਰ ਨਾਮਾ ਪੁੱਤਰ ਮਾਰਾ (ਵਾਰਸ ਚੰਨਣ ਪੁੱਤਰ ਨਾਮਾ) 6. ਅਮਰੀਕ ਸਿੰਘ ਪੁੱਤਰਾਨ ਚੰਨਣ ਸਿੰਘ ਪੁੱਤਰ ਨਾਮਾ, 7. ਯੁਵਰਾਜ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਸੰਤੋਖ ਸਿੰਘ 8. ਅਮਰੀਕ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਚੈਨ ਸਿੰਘ 9. ਹਰਜੀਤ ਕੌਰ ਪਤਨੀ ਕੁਲਵੀਰ ਸਿੰਘ ਪੁੱਤਰ ਅਮਰ ਸਿੰਘ, 9. ਬਿੰਦਰ ਕੌਰ ਪਤਨੀ ਅਮਰੀਕ ਸਿੰਘ ਪੁੱਤਰ ਅਮਰ ਸਿੰਘ, 10. ਬਲਰਾਮ ਸਿੰਘ, 11. ਰਾਮ ਸਿੰਘ, 12 ਬਲਵੀਰ ਸਿੰਘ ਪੁੱਤਰਾਨ ਸਵਰਨ ਸਿੰਘ ਪੁੱਤਰ ਦੀਵਾਨ ਸਿੰਘ ਸਾਰੇ ਵਾਸੀਆਨ ਪਿੰਡ ਪੱਲੀ ਉੱਚੀ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

(ਦਰਖਾਸਤ ਬਰਾਏ ਕਰਨੇ ਵੰਡ ਅਰਾਜ਼ੀ)

1. ਰਕਬਾ 01ਕ-04ਮ ਖੇਵਟ ਨੰ:361/361 ਖਤੌਨੀ ਨੰ: 428, 2. ਰਕਬਾ 76ਕ-00ਮ ਖੇਵਟ ਨੰ:383/384 ਖਤੌਨੀ ਨੰ:454-455-456-457-458, 3. ਰਕਬਾ 27ਕ-19ਮ ਖੇਵਟ ਨੰ:385/385 ਖਤੌਨੀ ਨੰ. 460, 4. ਰਕਬਾ 03ਕ-00ਮ ਖੇਵਟ ਨੰ: 392/392 ਖਤੌਨੀ ਨੰ: 483

(ਬਰੂਏ ਫਰਦ ਜਮ੍ਹਾਂਬੰਦੀ ਸਾਲ 2021-2022, ਵਾਕਿਆ ਰਕਬਾ ਪਿੰਡ ਪੱਲੀ ਉੱਚੀ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)

ਪਬਲੀਕੇਸ਼ਨ

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਵਿਚ ਫਰੀਕ ਦੋਇਮ ਪਿੰਡ ਵਿਚ ਰਿਹਾਇਸ਼ ਨਹੀਂ ਰੱਖਦੇ ਹਨ। ਇਸ ਕਰਕੇ ਫਰੀਕ ਦੋਇਮਾਂ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਮਾਮੂਲੀ ਤਰੀਕੇ ਨਾਲ ਇਤਲਾਹ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 17.01.2025 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਮੁਕੱਰਰ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 17.12.2024 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ

ਨੰ: 464/ਰੀਡਰ-1, ਮਿਤੀ : 17.12.2024

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਪੀ. ਛਿੱਬਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ

ਮਿਸਲ ਨੰਬਰ 22/ਟੀ , ਦਾਇਰ ਮਿਤੀ : 18.06.2024,
ਪਿੰਡ : ਰਾਣੇਵਾਲ, ਤਾਰੀਖ ਪੇਸ਼ੀ : 10.02.2025 ਕਿਸਮ ਕੇਸ : ਤਕਸੀਮ

ਕੇਸ ਅਨੁਵਾਨ : ਜਰਨੈਲ ਸਿੰਘ ਬਨਾਮ ਅਵਤਾਰ ਕੌਰ ਬਗੈਰਾ

1. ਜਰਨੈਲ ਸਿੰਘ ਪੁੱਤਰ ਬਤਨ ਸਿੰਘ ਵਾਸੀ ਪਿੰਡ ਰਾਣੇਵਾਲ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

.....ਫਰੀਕ ਅੱਵਲ

ਬਨਾਮ

1. ਅਵਤਾਰ ਕੌਰ ਪਤਨੀ ਸੁੱਚਾ ਸਿੰਘ (ਵਾਰਸ ਸੁੱਚਾ ਸਿੰਘ) 2. ਹਰਜਿੰਦਰ ਸਿੰਘ ਪੁੱਤਰ ਮੱਖਣ ਸਿੰਘ (ਵਾਰਸ ਮੱਖਣ ਸਿੰਘ) 3. ਮੇਜਰ ਸਿੰਘ ਪੁੱਤਰ ਬਤਨ ਸਿੰਘ 4. ਗੁਰਬਖਸ਼ ਕੌਰ ਪਤਨੀ ਜੁਝਾਰ ਸਿੰਘ (ਵਾਰਸ ਜੁਝਾਰ ਸਿੰਘ) ਸਾਰੇ ਵਾਸੀਆਨ ਪਿੰਡ ਰਾਣੇਵਾਲ, ਤਹਿਸੀਲ ਨਵਾਂਸ਼ਹਿਰ, 5. ਹਿਮਤ ਸਿੰਘ ਪੁੱਤਰ ਵਰਿਆਮ ਸਿੰਘ (ਵਾਰਸ ਚਿੰਤੀ), 6. ਬੇਅੰਤ ਕੌਰ ਪਤਨੀ ਅਜੀਤ ਸਿੰਘ (ਵਾਰਸ ਚਿੰਤੀ), 7. ਸੁਰਜੀਤ ਕੌਰ ਪਤਨੀ ਰਤਨ ਸਿੰਘ (ਵਾਰਸ ਚਿੰਤੀ) ਸਾਰੇ ਵਾਸੀਆਨ ਪਿੰਡ ਰੱਕੜਾ ਬੇਟ, ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 8. ਮਲਕੀਤ ਕੌਰ ਪਤਨੀ ਵਰਿਆਮ ਸਿੰਘ (ਵਾਰਸ ਚਿੰਤੀ) ਪਿੰਡ ਸੁਧਾ ਮਾਜਰਾ, ਤਹਿਸੀਲ ਬਲਾਚੌਰ, 9. ਜੋਗਿੰਦਰ ਸਿੰਘ ਪੁੱਤਰ ਜਵਾਲਾ ਸਿੰਘ (ਵਾਰਸ ਕਰਮੀ) 10. ਮਹਿਦਰ ਸਿੰਘ ਪੁੱਤਰ ਜਵਾਲਾ ਸਿੰਘ (ਵਾਰਸ ਕਰਮੀ) ਵਾਸੀਆਨ ਪਿੰਡ ਕੰਗਣਾ ਬੇਟ, ਤਹਿਸੀਲ ਬਲਾਚੌਰ, 11. ਭਜਨ ਕੌਰ ਪਤਨੀ ਜਵਾਲਾ ਸਿੰਘ (ਵਾਰਸ ਕਰਮੀ), ਪਿੰਡ ਸੁੱਧਾ ਮਾਜਰਾ ਤਹਿਸੀਲ ਬਲਾਚੌਰ, 12. ਜਿੰਦੋ ਪਤਨੀ ਮੋਹਣ ਸਿੰਘ (ਵਾਰਸ ਕਰਮੀ) ਵਾਸੀ ਪਿੰਡ ਦੱਲੇਤਪੁਰ, ਤਹਿਸੀਲ ਨਵਾਂਸ਼ਹਿਰ 13. ਮਹਿੰਦਰ ਕੌਰ ਪਤਨੀ ਬਲਵੀਰ ਸਿੰਘ (ਵਾਰਸ ਕਰਮੀ) ਪਿੰਡ ਠਠਿਆਲਾ ਢਾਹਾ ਤਹਿਸੀਲ ਬਲਾਚੌਰ 14. ਲਾਹੌਰਾ ਸਿੰਘ ਵਾ 15. ਜੁਝਾਰ ਸਿੰਘ ਪੁੱਤਰਾਨ ਗੁਰਦੇਵ ਸਿੰਘ (ਵਾਰਸ ਬੰਤੀ) ਪਿੰਡ ਦੱਲੇਤਪੁਰ, ਤਹਿਸੀਲ ਨਵਾਂਸ਼ਹਿਰ, 16. ਕਸ਼ਮੀਰ ਸਿੰਘ 17. ਸੇਵਾ ਸਿੰਘ, 18. ਦਰਵਾਰਾ ਸਿੰਘ ਪੁੱਤਰਾਨ ਅਜੀਤ ਸਿੰਘ (ਵਾਰਸ ਸੰਤੀ), ਵਾਸੀਆਨ ਪਿੰਡ ਦੱਲੇਤਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 19. ਸੈਂਟਰਲ ਬੈਂਕ ਆਫ ਇੰਡੀਆ ਬਰਾਂਚ ਰੇਲਵੇ ਰੋਡ ਨਵਾਂਸ਼ਹਿਰ ਬਜਰੀਆ ਮੈਨੇਜਰ, 20. ਪੰਜਾਬ ਨੈਸ਼ਨਲ ਬੈਂਕ ਜਾਡਲਾ ਬਜਰੀਆ ਮੈਨੇਜਰ, 21. ਪੰਜਾਬ ਨੈਸ਼ਨਲ ਬੈਂਕ ਉਸਮਾਨਪੁਰ ਬਜਰੀਆਂ ਮੈਨੇਜਰ 22. ਪੰਜਾਬ ਵਕਫ ਬੋਰਡ ਨਵਾਂਸ਼ਹਿਰ।

(ਦਰਖਾਸਤ ਬਰਾਏ ਕਰਨੇ ਵੰਡ ਅਰਾਜ਼ੀ)

1. ਰਕਬਾ 02ਕ-06ਮ ਖੇਵਟ ਨੰ:114/110 ਖਤੌਨੀ ਨੰ: 130, 2. ਰਕਬਾ 15ਕ-05ਮ ਖੇਵਟ ਨੰ:115/111 ਖਤੌਨੀ ਨੰ:131, 3. ਰਕਬਾ 13ਕ-05ਮ ਖੇਵਟ ਨੰ:117/113 ਖਤੌਨੀ ਨੰ. 134, 4. ਰਕਬਾ 6ਕ-04ਮ ਖੇਵਟ ਨੰ: 118/114 ਖਤੌਨੀ ਨੰ:135, 5. ਰਕਬਾ 04ਕ-05ਮ ਖੇਵਟ ਨੰ:119/115 ਖਤੌਨੀ ਨੰ: 136

ਬਰੂਏ ਫਰਦ ਜਮ੍ਹਾਂਬੰਦੀ ਸਾਲ 2017-2018, ਵਾਕਿਆ ਰਕਬਾ ਪਿੰਡ ਰਾਣੇਵਾਲ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਵਿਚ ਫਰੀਕ ਦੋਇਮ ਪਿੰਡ ਵਿਚ ਰਿਹਾਇਸ਼ ਨਹੀਂ ਰੱਖਦੇ ਹਨ। ਇਸ ਕਰਕੇ ਫਰੀਕ ਦੋਇਮਾਂ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਮਾਮੂਲੀ ਤਰੀਕੇ ਨਾਲ ਇਤਲਾਹ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 10.02.2025 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਮੁਕੱਰਰ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 10.01.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ ਦਸੂਹਾ।
Mail Id:- tehsildasuya@gmail.com

ਦਰੁਸਤੀ ਗਿਰਦਾਵਰੀ ਕੇਸ ਵਾਕਿਆ ਰਕਬਾ ਪਿੰਡ ਹਿਮਤਪੁਰ/205, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।
ਖੇਵਟ ਨੰਬਰ 164,165, 339, 345, 349, 352, 353, 368, 649

ਧਿਰਾਂ : ਗੁਰਜੀਤ ਸਿੰਘ ਬਨਾਮ ਅਮਨਦੀਪ ਸਿੰਘ ਵਗੈਰਾ

ਉਪਰੋਕਤ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਉੱਤਰਵਾਦੀਆਂ ਨੂੰ ਅਖਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 21.01.2025 ਨੂੰ ਬਾਅਦ ਦੁਪਿਹਰ 3:00 ਵਜੇ ਅਸਾਲਤਨ ਜਾਂ ਵਕਾਲਤਨ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 15.1.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ : 1356 ਰੀਡਰ-1 ਮਿਤੀ : 15.01.2025

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ ਦਸੂਹਾ।

ਉੱਤਰਵਾਦੀ ਧਿਰ ਦਾ ਨਾਂਅ : 1. ਅਮਨਦੀਪ ਸਿੰਘ ਪੁੱਤਰ ਸੁੱਚਾ ਸਿੰਘ ਬਜਰੀਆ ਕਾਨੂੰਨੀ ਪ੍ਰਤੀਨਿਧ ਮਨਦੀਪ ਕੌਰ ਵਿਧਵਾ ਅਮਨਦੀਪ ਸਿੰਘ 2. ਹਰਕਿਰਨਜੀਤ ਕੌਰ ਪੁੱਤਰੀ ਸੁੱਚਾ ਸਿੰਘ 3. ਗੁਰਮੀਤ ਕੌਰ ਵਿਧਵਾ ਸੁੱਚਾ ਸਿੰਘ 4

16- jan- PAGE -7-Malwa-25.qxd 1/15/2025 11:09 PM Page 1

ਕਾਮਰੇਡ ਵਧਾਵਾ ਰਾਮ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ

-ਪਿੰਡ ਛੱਪੜੀਵਾਲਾ ਵਿਖੇ ਸਰਪੰਚ-ਪੰਚ ਤੇ ਹੋਰ ਮੋਹਤਬਰ ਲਾਇਬ੍ਰੇਰੀ ਦਾ ਉਦਘਾਟਨ ਕਰਦੇ ਹੋਏ।

ਜਲਾਲਾਬਾਦ, (ਜੰਗੀਰ ਕੌਰ ਫਲੀਆਂਵਾਲਾ/ਜੀਤ ਕੁਮਾਰ, ਪਰਮਜੀਤ ਢਾਬਾ) ਵਿਧਾਨ ਸਭਾ ਹਲਕਾ ਜਲਾਲਾਬਾਦ ਦੇ ਅਧੀਨ ਆਉਂਦੇ ਪਿੰਡ ਚੱਕ ਛੱਪੜੀ ਵਾਲਾ ਵਿਖੇ ਪਿੰਡ ਦੇ ਨੌਜਵਾਨਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਿਰਤੀ ਲੋਕਾਂ ਦੇ ਮਹਾਨ ਆਗੂ, ਕਿਸਾਨੀ ਘੋਲਾਂ ਦੇ ਜੇਤੂ ਜਰਨੈਲ ਤੇ ਫਾਜ਼ਿਲਕਾ ਦੇ ਪਹਿਲੇ ਐੱਮ.ਐੱਲ.ਏ.ਕਾਮਰੇਡ ਵਧਾਵਾ ਰਾਮ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਸਮੁੱਚੀ ਗ੍ਰਾਮ ਪੰਚਾਇਤ ਵੱਲੋਂ ਕੀਤਾ ਗਿਆ।

ਪਿੰਡ ਦੇ ਸਰਪੰਚ ਮਦਨ ਲਾਲ ਨੇ ਕਿਹਾ ਕਿ ਲਾਇਬ੍ਰੇਰੀ ਦੇ ਮਾਧਿਅਮ ਰਾਹੀਂ ਪਿੰਡ ਦੇ ਨੌਜਵਾਨਾਂ ਨੂੰ ਵਿਗਿਆਨਕ ਤੇ ਉਸਾਰੂ ਸਾਹਿਤ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੁ ਉਹ ਹੱਕਾਂ ਪ੍ਰਤੀ ਜਾਗਰੂਕ ਹੋਣ ਅਤੇ ਸਮਾਜ ਵਿੱਚ ਫੈਲਾਈਆਂ ਜਾ ਰਹੀਆਂ ਅਲਾਮਤਾਂ ਤੋਂ ਪਿੰਡ ਅਤੇ ਸਮਾਜ ਨੂੰ ਬਚਾਉਣ ਦੇ ਸਮਰੱਥ ਹੋ ਸਕਣ। ਉਨ੍ਹਾਂ ਆਸ-ਪਾਸ ਅਤੇ ਇਲਾਕੇ ਦੀਆਂ ਹੋਰਨਾਂ ਪੰਚਾਇਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਿੰਡ-ਪਿੰਡ ਇਸ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਬਣਾਉਣ ਤਾਂ ਜੁ ਸਮਾਜ ਨੂੰ ਬਿਹਤਰੀ ਵੱਲ ਲਿਜਾਇਆ ਜਾ ਸਕੇ।

ਪਿੰਡ ਦੇ ਨਿਵਾਸੀ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਨੇ ਕਿਹਾ ਲਾਇਬ੍ਰੇਰੀਆਂ ਦੀ ਸਾਡੇ ਜੀਵਨ ਤੇ ਸਮਾਜ ਵਿੱਚ ਬੜੀ ਵੱਡੀ ਮਹੱਤਤਾ ਹੈ ਅਤੇ ਸਾਡੀ ਕੋਸ਼ਿਸ਼ ਹੈ ਕਿ ਇਸ ਰਾਹੀ ਨੌਜਵਾਨ ਗੁਰੂਆਂ, ਦੇਸ਼ ਭਗਤਾਂ ਅਤੇ ਵੱਖ ਵੱਖ ਧਰਮਾਂ ਦੇ ਇਤਿਹਾਸ ਬਾਰੇ ਗਿਆਨ ਹਾਸਲ ਕਰਕੇ ਇੱਕ ਚੰਗੇ ਨਾਗਰਿਕ ਬਨਣ ਅਤੇ ਪਿੰਡ ਅਤੇ ਸਮਾਜ ਦਾ ਨਾਂਅ ਰੌਸ਼ਨ ਕਰਨ। ਸਮੁੱਚੀ ਗ੍ਰਾਮ ਪੰਚਾਇਤ ਵੱਲੋਂ ਪਿੰਡ ਦੇ ਨੌਜਵਾਨਾਂ ਤੋਂ ਆਸ ਕਰਦਿਆਂ ਇਹ ਵਿਸ਼ਵਾਸ ਦੁਆਇਆ ਕਿ ਲੋੜ ਪੈਣ ਤੇ ਇਸ ਲਾਇਬ੍ਰੇਰੀ ਨੂੰ ਵਿਸ਼ਾਲ ਕੀਤਾ ਜਾਵੇਗਾ।

ਸਵਾਮੀ ਰੂਪ ਚੰਦ ਜੈਨ ਸਕੂਲ ਵਿਖੇ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

ਜਗਰਾਉਂ, (ਸੰਜੀਵ ਅਰੋੜਾ)-ਹਰ ਸਾਲ ਦੀ ਤਰ੍ਹਾਂ ਪ੍ਰਿੰਸੀਪਲ ਰਾਜਪਾਲ ਕੌਰ ਅਤੇ ਸਮੂਹ ਮੈਨਜਮੈਂਟ ਦੇ ਸਹਿਯੋਗ ਸਦਕਾ ਇਸ ਸਾਲ ਵੀ ਲੋਹੜੀ ਦਾ ਤਿਉਹਾਰ ਰੌਣਕਾਂ ਨਾਲ ਚਮਕ ਉੱਠਿਆ। ਇਸ ਪ੍ਰੋਗਰਾਮ ਵਿੱਚ ਰਵਾਇਤੀ ਸੰਗੀਤ ਦੀਆਂ ਮਿੱਠੀਆਂ ਗੂੰਜਾਂ ਦੇ ਨਾਲ ਲਗਾਈ ਸ਼ਗਨਾਂ ਦੀ ਧੂਣੀ ਦੁਆਰੇ ਸਾਰਿਆਂ ਨੂੰ ਇਕੱਠਾ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਖਾਸ ਪ੍ਰਾਰਥਨਾ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੂੰ ਲੋਹੜੀ ਦੇ ਮਹੱਤਵ ਬਾਰੇ ਦੱਸਿਆ ਗਿਆ। ਇਸ ਉਪਰੰਤ ਸਕੂਲ ਦੇ ਵਿਹੜੇ ਵਿੱਚ ਸਾਰੇ ਵਿਦਿਆਰਥੀ ਅਧਿਆਪਕ ਅਤੇ ਸਟਾਫ਼ ਅੱਗ ਦੇ ਆਲੇ-ਦੁਆਲੇ ਇਕੱਠੇ ਹੋਏ ਅਤੇ ਪੰਜਾਬੀ ਲੋਕ ਗੀਤਾਂ ਜਿਵੇਂ ਸੁੰਦਰ ਮੁੰਦਰੀਏ ਗਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਤੰਦਰੁਸਤੀ ਅਤੇ ਖੁਸ਼ੀਆਂ ਦੀ ਪ੍ਰਾਰਥਨਾ ਕੀਤੀ। ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਮਿਲ ਕੇ ਨੱਚ ਟੱਪ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਪ੍ਰਿੰਸੀਪਲ ਰਾਜਪਾਲ ਕੌਰ ਕਿਹਾ ਕਿ ਸਮੇਂ-ਸਮੇਂ 'ਤੇ ਤਿਉਹਾਰਾਂ ਨੂੰ ਮਨਾਉਣ ਦਾ ਮੰਤਵ ਬੱਚਿਆਂ ਨੂੰ ਹਰੇਕ ਤਿਉਹਾਰ ਦੀ ਮਾਨਤਾ ਪਿੱਛੇ ਛੁਪੀ ਹੋਈ ਦਾਸਤਾਨ ਬਾਰੇ ਦੱਸਣਾ ਤੇ ਆਪਣੀਆਂ ਭਾਵਨਾਵਾਂ ਨਾਲ ਮਨਾਉਣ ਬਾਰੇ ਜਾਗਰੂਕ ਕਰਨਾ ਹੈ। ਉਹਨਾਂ ਨੇ ਸਾਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਇਹ ਸਮਾਗਮ ਖੁਸ਼ਹਾਲੀ ਸਫ਼ਲਤਾ ਤੇ ਚੜ੍ਹਦੀ ਕਲਾ ਦੀ ਅਰਦਾਸ ਨਾਲ ਸਮਾਪਤ ਹੋਇਆ। ਇਹ ਦਿਨ ਖੁਸ਼ੀਆਂ ਅਤੇ ਇੱਕਮਿਕਤਾ ਨਾਲ ਭਰਪੂਰ ਰਿਹਾ, ਜੋ ਹਰ ਕਿਸੇ ਦੇ ਮਨ ਵਿੱਚ ਯਾਦਗਾਰੀ ਪਲ ਛੱਡ ਗਿਆ।

ਥਰਮਲ ਠੇਕਾ ਮੁਲਾਜ਼ਮ ਕੁਲਦੀਪ ਪੰਨੂ ਟਰੱਕ ਦੀ ਲਪੇਟ 'ਚ ਆਉਣ ਕਾਰਨ ਗੰਭੀਰ ਜ਼ਖਮੀ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ) ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਬੁਆਇਲਰ ਮੈਂਟੀਨੈਂਸ ਵਿੱਚ ਕੰਮ ਕਰਦੇ ਆਊਟਸੋਰਸ ਠੇਕਾ ਮੁਲਾਜ਼ਮ ਕੁਲਦੀਪ ਸਿੰਘ ਪੰਨੂ ਦੀ ਲੋਹੜੀ ਵਾਲੀ ਰਾਤ 9 ਵਜੇ ਵਾਲੀ ਸਿਫਟ ਵਿੱਚ ਕੰਮ 'ਤੇ ਜਾਂਦੇ ਸਮੇਂ ਥਰਮਲ ਦੇ ਮੇਨ ਗੇਟ ਕੋਲ ਇੱਕ ਟਰੱਕ ਦੇ ਲਪੇਟ ਵਿੱਚ ਆ ਜਾਣ ਕਾਰਨ ਸੱਜੀ ਲੱਤ ਪਿੰਜਣੀ ਤੋਂ ਹੇਠਾਂ ਗੰਭੀਰ ਹਾਲਤ ਵਿੱਚ ਬੁਰੀ ਤਰ੍ਹਾਂ ਕੁਚਲੀ ਗਈ। ਪਿੰਡ ਲੋਹਕਾ (ਤਰਨਤਾਰਨ) ਨਿਵਾਸੀ ਉਕਤ ਠੇਕਾ ਮੁਲਾਜ਼ਮ ਪਿਛਲੇ ਕਾਫੀ ਸਮੇਂ ਤੋਂ ਥਰਮਲ ਪਲਾਂਟ ਵਿੱਚ ਕੰਮ 'ਤੇ ਲੱਗਿਆ ਹੋਣ ਕਰਕੇ ਆਪਣੇ ਪਰਵਾਰ ਸਮੇਤ ਪਿੰਡ ਲਹਿਰਾ ਮੁਹੱਬਤ ਵਿਖੇ ਹੀ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ। ਟਰੱਕ ਚਾਲਕ ਘਟਨਾ ਦੇ ਮੌਕੇ 'ਤੇ ਹੀ ਫਰਾਰ ਹੋ ਗਿਆ। ਜ਼ਖਮੀ ਨੂੰ ਗੰਭੀਰ ਹਾਲਤ ਵਿੱਚ ਆਦੇਸ਼ ਹਸਪਤਾਲ ਭੁੱਚੋ ਲਿਜਾਇਆ ਗਿਆ। ਜਿੱਥੇ ਉਸਦੀ ਨਾਜ਼ੁਕ ਹਾਲਤ ਦੇਖਦੇ ਹੋਏ ਡਾਕਟਰਾਂ ਨੇ ਉਸਨੂੰ ਲੁਧਿਆਣਾ ਡੀ. ਐਮ. ਸੀ. ਹਸਪਤਾਲ ਲਈ ਰੈਫਰ ਕਰ ਦਿੱਤਾ।

ਥਰਮਲ ਦੀਆਂ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਨੇ ਇਸ ਘਟਨਾ ਦੇ ਰੋਸ ਵਜੋਂ ਰਾਤ ਸਮੇਂ ਥਰਮਲ ਗੇਟ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਤੇ ਪਾਵਰਕਾਮ ਮੈਨੇਜਮੈਂਟ 'ਤੇ ਅਣਦੇਖੀ ਦਾ ਦੋਸ਼ ਲਾਉਂਦਿਆਂ ਦੱਸਿਆ ਕਿ ਥਰਮਲ ਦੇ ਇਸ ਇੱਕੋ ਮੇਨ ਗੇਟ ਤੋਂ ਪਲਾਂਟ ਦੀ ਸੁਆਹ ਦੀ ਢੋਆ-ਢੁਆਈ ਲਈ ਟਰੱਕਾਂ ਦਾ ਆਉਣ ਜਾਣ ਚੱਲਦਾ ਰਹਿੰਦਾ ਹੈ। ਇਸੇ ਗੇਟ ਤੋਂ ਹੀ ਪਲਾਂਟ ਵਿੱਚ ਕੰਮ ਕਰਦੇ ਸੈਂਕੜੇ ਰੈਗੂਲਰ ਅਤੇ ਆਊਟਸੋਰਸਜ਼ ਮੁਲਾਜ਼ਮ ਲੰਘਦੇ ਹਨ। ਜਥੇਬੰਦੀਆਂ ਦੀ ਮੰਗ ਮੁਤਾਬਿਕ ਮੁਲਾਜ਼ਮਾਂ ਦੇ ਸੁਰੱਖਿਅਤ ਲਾਂਘੇ ਲਈ ਵੱਖਰਾ ਗੇਟ ਹੋਣਾ ਚਾਹੀਦਾ ਹੈ ਪ੍ਰੰਤੂ ਮੈਨੇਜਮੈਂਟ ਦੀ ਅਣਦੇਖੀ ਕਾਰਨ ਅਜਿਹੇ ਹਾਦਸਿਆਂ 'ਚ ਕੀਮਤੀ ਜਾਨਾਂ ਦਾ ਖਤਰਾ ਬਣਿਆ ਰਹਿੰਦਾ ਹੈ। ਆਗੂਆਂ ਨੇ ਪੀੜਤ ਗਰੀਬ ਪਰਿਵਾਰ ਨੂੰ ਮੁਆਵਜ਼ਾ, ਮੁਫਤ ਇਲਾਜ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦਿੱਤੇ ਜਾਣ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਠੇਕਾ ਮੁਲਾਜ਼ਮ ਕੁਲਦੀਪ ਸਿੰਘ ਪੰਨੂ ਦਾ ਕੱਲ ਲੁਧਿਆਣਾ ਹਸਪਤਾਲ ਵਿਖੇ ਡਾਕਟਰਾਂ ਵੱਲੋਂ ਅਪਰੇਸ਼ਨ ਕਰ ਦਿੱਤਾ ਗਿਆ ਹੈ ਤੇ ਟੁੱਟੀ ਲੱਤ ਨੂੰ ਦੁਬਾਰਾ ਤੋਂ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੰਜਾਬ ਦੇ ਮੌਜੂਦਾ ਮਾੜੇ ਹਾਲਾਤ ਲਈ 'ਆਪ' ਸਰਕਾਰ ਜ਼ਿੰਮੇਵਾਰ : ਹਰਦੀਪ ਦੌਲਤਪੁਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਕਾਂਗਰਸ ਦੇ ਮੈਂਬਰ ਅਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਵੱਖ-ਵੱਖ ਸਮਾਗਮਾਂ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੌਜੂਦਾ ਮਾੜੇ ਹਾਲਾਤ ਲਈ 'ਆਪ' ਸਰਕਾਰ ਜ਼ਿੰਮੇਵਾਰ ਹੈ।ਪੰਜਾਬ ਵਿੱਚ ਲੁੱਟ-ਖੋਹ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।ਕੋਈ ਵੀ ਵਰਗ ਆਪਣੇ ਆਪ ਨੂੰ ਸੁਰੱਖਿਤ ਨਹੀਂ ਸਮਝ ਰਿਹਾ।ਦਿਨ ਦਿਹਾੜੇ ਕਤਲ ਵਰਗੀਆਂ ਵਾਰਦਾਤਾਂ ਵਾਪਰ ਰਹੀਆਂ ਹਨ, ਪਰ ਪੰਜਾਬ ਸਰਕਾਰ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਬੂ ਰੱਖਣ ਵਿੱਚ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਹਮਾਇਤ ਕਰਦਿਆਂ ਕਿਹਾ ਕਿ ਕੇਂਦਰ-ਸਰਕਾਰ ਕਿਸਾਨ-ਵਿਰੋਧੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਵੀ ਪ੍ਰਧਾਨ ਮੰਤਰੀ ਵਾਂਗ ਹੀ ਪ੍ਰਚਾਰ ਤੇ ਪ੍ਰਸਾਰ ਅਤੇ ਝੂਠੇ ਵਾਅਦੇ ਕਰਨ ਦੀ ਰਣਨੀਤੀ 'ਤੇ ਅਮਲ ਕਰਦੇ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਅੰਦੋਲਨ ਅਤੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ।ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਹਾਲਤ ਅਤੇ ਕਿਸਾਨਾਂ ਦਾ ਅੰਦੋਲਨਸ਼ੀਲ ਹੋਣਾ ਸਰਕਾਰ ਲਈ ਇੱਕ ਚਿਤਾਵਨੀ ਹੈ।ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਨੂੰ ਤੁਰੰਤ ਪੂਰਾ ਕਰੇ।ਜੇ ਸਰਕਾਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਕੱਢਿਆ ਤਾਂ ਦੇਸ਼ ਭਰ ਵਿੱਚ ਕਿਸਾਨ ਅੰਦੋਲਨ ਤਿੱਖਾ ਹੋਣ ਦਾ ਖਦਸ਼ਾ ਹੈ।ਉਨ੍ਹਾਂ ਕਿਹਾ ਕਿ ਡੱਲੇਵਾਲ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ, ਪਰ ਸਰਕਾਰ ਇਸ ਅੰਦੋਲਨ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

ਸੀਵਰੇਜ ਸਿਸਟਮ ਹੋਇਆ ਪੂਰੀ ਤਰ੍ਹਾਂ ਫ਼ੇਲ੍ਹ, ਅਧਿਕਾਰੀ ਸੁੱਤੇ ਨੇ ਕੁੰਭਕਰਨੀ ਨੀਂਦ

ਸੰਗਰੂਰ (ਪ੍ਰਵੀਨ ਸਿੰਘ) ਰਿਆਸਤੀ ਸ਼ਹਿਰ ਸੰਗਰੂਰ ਵਿਚ ਥਾਂ ਥਾਂ ਲੱਗੇ ਗੰਦਗੀ ਦੇ ਢੇਰ ਸਫ਼ਾਈ ਪ੍ਰਬੰਧਾਂ ਦਾ ਮਖੌਲ ਉਡਾ ਰਹੇ ਹਨ। ਲੱਗੇ ਗੰਦਗੀ ਦੇ ਢੇਰਾਂ ਕਰਕੇ ਥੋੜ੍ਹੀ ਜਿਹੀ ਬਰਸਾਤ ਕਾਰਨ ਹੀ ਉਸ ਗੰਦਗੀ ਵਿਚੋਂ ਬਦਬੂ ਆਣ ਲਗ ਜਾਂਦੀ ਹੈ, ਜਿਸ ਕਾਰਨ ਉਥੋਂ ਆਉਣ ਜਾਣ ਵਾਲਿਆਂ ਨੂੰ ਤਾਂ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ, ਉਥੇ ਹੀ ਇਸ ਨਾਲ ਆਲੇ ਦੁਆਲੇ ਬਿਮਾਰੀਆਂ ਫ਼ੈਲਣ ਦਾ ਵੀ ਡਰ ਬਣਿਆ ਰਹਿੰਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਅਤੇ ਓ ਬੀ ਸੀ ਡਿਪਾਰਟਮੈਂਟ ਦੇ ਸੂਬਾ ਵਾਈਸ ਚੇਅਰਮੈਨ ਹਰਪਾਲ ਸੋਨੂੰ ਨੇ ਕਿਹਾ ਕਿ ਸ਼ਹਿਰ ਵਿਚ ਥਾਂ-ਥਾਂ ਸੀਵਰੇਜ਼ ਬਲਾਕ ਹੋਣ ਕਰਕੇ ਗੰਦਗੀ ਬਾਹਰ ਸੜ੍ਹਕਾਂ 'ਤੇ ਫ਼ੈਲੀ ਹੋਈ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਬਿਲਕੁੱਲ ਵਿਚਾਲੇ ਸੁਨਾਮੀ ਗੇਟ ਵਿਖੇ ਤਾਂ ਹਾਲਾਤ ਹੋਰ ਵੀ ਬਦ ਤੋਂ ਬਦਤਰ ਬਣੇ ਹੋਏ ਹਨ। ਉਥੋਂ ਲੰਘਣ ਵਾਲਿਆਂ ਨੂੰ ਗੰਦਗੀ ਦੇ ਢੇਰਾਂ ਤੋਂ ਆਉਂਦੀ ਬਦਬੂ ਕਾਰਨ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ। ਸਥਾਨਕ ਨਿਵਾਸੀਆਂ ਅਤੇ ਦੁਕਾਨਦਾਰਾਂ ਨੂੰ ਨਿਤ ਦਿਨ ਗੰਦਗੀ ਦੇ ਢੇਰਾਂ ਕਰਕੇ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਸੀਵਰੇਜ਼ ਬੋਰਡ ਦੇ ਐਸ ਡੀ ਓ ਨੂੰ ਇਸ ਮਸਲੇ ਸਬੰਧੀ ਮਿਲ ਕੇ ਕਈ ਵਾਰ ਹੱਲ ਕਰਨ ਦੀ ਬੇਨਤੀ ਵੀ ਕੀਤੀ ਜਾ ਚੁੱਕੀ ਹੈ, ਪ੍ਰੰਤੂ ਉਨ੍ਹਾਂ ਵੱਲੋਂ ਇਸ ਬਾਬਤ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਸ਼੍ਰੀ ਸੋਨੂੰ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੀਵਰੇਜ਼ ਬੋਰਡ ਵਿਭਾਗ ਦੇ ਅਧਿਕਾਰੀਆਂ ਨੂੰ ਤੁਰੰਤ ਤਾੜਨਾ ਕੀਤੀ ਜਾਵੇ ਕਿ ਬੰਦ ਪਏ ਸੀਵਰੇਜ਼ ਨੂੰ ਤੁਰੰਤ ਸਾਫ਼ ਕਰਵਾਕੇ ਚਾਲੂ ਕੀਤਾ ਜਾਵੇ ਤਾਂ ਜੋ ਸ਼ਹਿਰ ਸੰਗਰੂਰ ਨੂੰ ਸਾਫ਼ ਸੁਥਰਾ ਬਣਾਇਆ ਜਾ ਸਕੇ ਅਤੇ ਲੋਕਾਂ ਦੀ ਜ਼ਿੰਦਗੀ ਬਿਹਤਰ ਹੋ ਸਕੇ, ਨਹੀਂ ਤਾਂ ਕਾਂਗਰਸ ਪਾਰਟੀ ਵੱਲੋਂ ਸੀਵਰੇਜ਼ ਬੋਰਡ ਦਾ ਘਿਰਾਓ ਕੀਤਾ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਦੇ ਸਟਾਫ਼ ਨੇ ਮਾਘੀ ਦਾ ਤਿਉਹਾਰ ਮਨਾਇਆ

ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਗੈਰ-ਅਧਿਆਪਨ ਸਟਾਫ਼ ਨੇ ਮਾਘੀ ਦਾ ਸ਼ੁਭ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਸਟਾਫ਼ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਲਈ ਲੰਗਰ ਲਗਾਇਆ ਗਿਆ। ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਣ ਆਏ ਸੈਂਕੜੇ ਸ਼ਰਧਾਲੂਆਂ ਲਈਂ ਗਰਮ ਦੁੱਧ ਦੀ ਸੇਵਾ ਕੀਤੀ ਗਈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਪ੍ਰਿਤ ਪਾਲ ਸਿੰਘ ਨੇ ਮਾਘੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਮਾਜ ਸੇਵਾ ਵਿੱਚ ਸਰਗਰਮ ਭਾਗੀਦਾਰੀ ਰਾਹੀਂ ਸਿੱਖ ਪ੍ਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਲਈ ਸੰਸਥਾ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਸਟਾਫ਼ ਦੇ ਉੱਦਮ ਅਤੇ ਸੁਚੱਜੇ ਪ੍ਰਬੰਧਾਂ ਲਈ ਸਟਾਫ਼ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਅਰੋੜਾ ਮਹਾਂਸਭਾ ਸੰਗਰੂਰ ਦੀ ਕਾਰਜਕਾਰਨੀ ਦਾ ਗਠਨ

ਸੰਗਰੂਰ (ਪ੍ਰਵੀਨ ਸਿੰਘ) ਹਿੰਦ ਸਿੱਖ ਏਕਤਾ ਦੀ ਪ੍ਰਤੀਕ ਅਤੇ ਅਰੋੜਾ ਸਮਾਜ ਨੂੰ ਸਮਰਪਿਤ ਸੰਸਥਾ ਅਰੋੜਾ ਮਹਾਂਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੀ ਇੱਕ ਅਹਿਮ ਇਕੱਤਰਤਾ ਮਹਾਂਸਭਾ ਦੇ ਨਵੇਂ ਚੁਣੇ ਪ੍ਰਧਾਨ ਡਾ: ਮਹਿੰਦਰ ਨੰਦਵਾਨੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਜਸਵਿੰਦਰ ਸਿੰਘ ਪ੍ਰਿੰਸ, ਰਾਜ ਕੁਮਾਰ ਅਰੋੜਾ, ਤਿਲਕ ਰਾਜ ਸਤੀਜਾ, ਹਰੀਸ਼ ਟੁਟੇਜਾ, ਜਤਿੰਦਰ ਕਾਲੜਾ, ਰਾਜੇਸ਼ ਥਰੇਜਾ ਆਦਿ ਮੌਜੂਦ ਸਨ।ਇਸ ਮੌਕੇ ਸਟੇਜ ਸਕੱਤਰ ਹਰੀਸ਼ ਅਰੋੜਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਪ੍ਰਧਾਨ ਡਾ: ਮਹਿੰਦਰ ਬਾਬਾ ਨੂੰ ਨ

16-Jan-PAGE--8.qxd 1/15/2025 11:19 PM Page 1

ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਅਧਿਆਪਕ ਕਰਨਗੇ 19 ਨੂੰ ਰੋਸ ਰੈਲੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨਾਲ ਸਿਖਿਆ ਮੰਤਰੀ ਵਲੋਂ ਲਿਖਤੀ ਪੱਤਰ ਰਾਹੀਂ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ ਕੀਤੇ ਰੋਸ ਪ੍ਰਦਰਸ਼ਨ ਦੇ ਸਿੱਟੇ ਵਜੋਂ ਦਿੱਤੇ ਸੱਦੇ 'ਤੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਨਾ ਕਰਕੇ ਸਿੱਖਿਆ ਮੰਤਰੀ ਨੇ ਸਿੱਖਿਆ ਪ੍ਰਤੀ ਗੈਰ ਸੰਜੀਦਗੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਇੱਕ ਵਾਰ ਫਿਰ ਮੀਟਿੰਗ ਤੋਂ ਭਗੋੜਾ ਹੋਏ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਤੇ ਸੂਬਾ ਵਿੱਤ ਸਕੱਤਰ ਅਮਨਦੀਪ ਸ਼ਰਮਾ ਨੇ ਮੀਟਿੰਗ ਨਾ ਕਰਨ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਅਧਿਆਪਕ ਆਗੂਆਂ ਨੇ ਦੱਸਿਆ ਕਿ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲੇ ਹੱਲ ਨਾ ਕਰਨ ਅਤੇ ਜਨਤਕ ਸਿੱਖਿਆ ਨੂੰ ਤਬਾਹੀ ਵੱਲ ਧੱਕਣ ਲਈ ਮੱਜੂਦਾ ਸਰਕਾਰ ਜ਼ਿੰਮੇਵਾਰ ਹੈ, ਜੋ ਸਰਕਾਰੀ ਸਕੂਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਸਿੱਖਿਆ ਮਾਫੀਆ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ।ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਨੇ ਮੰਗਾਂ ਦਾ ਜਿਕਰ ਕਰਦਿਆਂ ਕਿਹਾ ਕਿ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਲੈਕਚਰਾਰਾਂ ਅਤੇ ਮਾਸਟਰ ਕੇਡਰ ਦੀਆਂ ਤਰੱਕੀਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਦਿਖਾ ਕੇ ਦੁਬਾਰਾ ਸਟੇਸ਼ਨ ਚੋਣ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਸੁਸਾਇਟੀ ਦੀ ਬਜਾਏ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਸਮੇਤ ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੇ ਪੱਤਰ ਲਾਗੂ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ, ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਬਣਾਉਣ, 16 ਫਰਵਰੀ 2024

ਦੀ ਕੌਮੀ ਹੜਤਾਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਅਤੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ, ਦਫਤਰੀ ਕਾਮਿਆਂ ਸਮੇਤ ਹਰ ਤਰ੍ਹਾਂ ਦੇ ਰਹਿਂਦੇ ਕੱਚੇ ਅਧਿਆਪਕ ਪੂਰੇ ਗ੍ਰੇਡ 'ਤੇ ਪੱਕੇ ਕਰਨ, ਮੈਰੀਟੋਰੀਅਸ ਅਤੇ ਆਦਰਸ਼ ਸਕੂਲਾਂ ਦੇ ਸਟਾਫ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ, ਮਿਡਲ ਸਕੂਲਾਂ ਦੀ ਮਰਜ਼ਿੰਗ ਰੱਦ ਕਰਨ, ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਕਰਨ, 873 ਡੀਪੀਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ, ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਵਾਉਣਾ ਬੰਦ ਕਰਨ, ਹਰ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਅਧਿਆਪਕਾਂ ਤੋਂ ਲੈਣੇ ਬੰਦ ਕਰਨ, ਉਚੇਰੀ ਗ੍ਰੇਡ ਪੇਅ ਬਹਾਲ ਰੱਖਦਿਆਂ ਜਨਵਰੀ 2016 ਤੋਂ 125% ਮਹਿੰਗਾਈ ਭੱਤੇ 'ਤੇ ਤਨਖਾਹ ਦੁਹਰਾਈ ਕਰਨ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜਾਰੀ ਕਰਨ ਅਤੇ ਤਰੁਟੀਆਂ ਦੂਰ ਕਰਨ, ਸੋਧ ਦੇ ਨਾਂ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕਰਨ, ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕਰਨ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ।ਅਧਿਆਪਕ ਆਗੂਆਂ ਨੇ ਦੱਸਿਆ ਕੇ ਸਿੱਖਿਆ ਮੰਤਰੀ ਦੇ ਇਸ ਅੜੀਅਲ ਰਵੱਈਏ ਪ੍ਰਤੀ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ 19 ਜਨਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਰੋਹ ਭਰਪੂਰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾ ਪੰਜਾਬ ਭਰ ਦੇ ਅਧਿਆਪਕਾਂ ਨੂੰ ਇਸ ਪ੍ਰਦਰਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸੰਜੀਵ ਧੂਤ, ਸਚਿਨ ਕੁਮਾਰ, ਪ੍ਰਿੰਸ ਗੜਦੀਵਾਲ, ਵਿਕਾਸ ਸ਼ਰਮਾ, ਰਾਜ ਕੁਮਾਰ, ਪਰਮਜੀਤ ਸਿੰਘ, ਸਰਬਜੀਤ ਸਿੰਘ ਦਵਿੰਦਰ ਸਿੰਘ ਪਰਮਜੀਤ ਕਾਤਬ, ਉਪਿੰਦਰਜੀਤ ਸਿੰਘ ਅਤੇ ਹੋਰ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

ਚਾਈਨਾ ਡੋਰ ਵੇਚਣ ਵਾਲਿਆਂ 'ਤੇ ਹੋਵੇਗੀ ਸਖਤ ਕਾਰਵਾਈ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਚਾਈਨਾ ਡੋਰ ਤੇ ਪੂਰਨ ਪਾਬੰਦੀ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਜਲੰਧਰ ਵਲੋਂ ਅੱਜ ਵੀ ਦੁਕਾਨਾਂ ਤੇ ਛਾਪੇਮਾਰੀ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਜਲੰਧਰ ਦੇ ਐਕਸੀਅਨ ਸੰਦੀਪ ਸਿੰਘ ਨੇ ਦੱਸਿਆ ਕਿ ਪਾਬੰਦੀਸ਼ੁਦਾ ਡੋਰ ਦੀ ਜਾਂਚ ਕਰਨ ਲਈ ਖੇਤਰੀ ਦਫ਼ਤਰ ਵਲੋਂ ਚੈਕਿੰਗ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ, ਤਾਂ ਜੋ ਇਸ ਡੋਰ ਦੀ ਵਰਤੋਂ ਨੂੰ ਠੱਲ੍ਹ ਪਾਈ ਜਾ ਸਕੇ।ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਚਾਈਨਾ ਡੋਰ 'ਤੇ ਪਾਬੰਦੀ ਲਗਾਈ ਗਈ ਹੈ।ਇਸ ਪਾਬੰਦੀ ਦੇ ਬਾਵਜੂਦ ਇਸ ਡੋਰ ਨੂੰ ਵੇਚਣ ਵਾਲਿਆਂ ਖ਼ਿਲਾਫ਼ 10 ਹਜ਼ਾਰ ਰੁਪਏ ਤੋਂ ਲੈ ਕੇ 15 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਚਾਈਨਾ ਡੋਰ ਵੇਚਣ ਵਾਲੇ ਵਿਅਕਤੀਆਂ ਬਾਰੇ ਸੂਚਨਾ ਦੇਣ ਵਾਲੇ ਵਿਅਕਤੀ ਨੂੰ 25 ਹਜ਼ਾਰ ਰੁਪਏ ਦਾ ਇਨਾਮ ਦੇਣ ਦੀ ਘੋਸ਼ਣਾ ਵੀ ਕੀਤੀ ਗਈ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਵਿਆਕਤੀ ਜਾਂ ਦੁਕਾਨਦਾਰ ਚਾਈਨਾ ਡੋਰ/ਸਿੰਥੈਟਿਕ ਮਟੀਰੀਅਲ ਤੋਂ ਬਣੀ ਡੋਰ ਵੇਚਦਾ ਹੈ ਤਾਂ ਬੋਰਡ ਦੇ ਖੇਤਰੀ ਦਫਤਰ-1, ਜਲੰਧਰ ਦੇ ਮੋਬਾਇਲ ਨੰਬਰ 98789-42033 ਜਾਂ ਬੋਰਡ ਦੇ ਟੋਲ ਫਰੀ ਨੰਬਰ 18001802810 ਉਤੇ ਸੂਚਨਾ ਦੇਕੇ ਬੋਰਡ ਵਲੋਂ ਘੋਸ਼ਿਤ ਇਨਾਮੀ ਰਾਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਮੁੱਖ ਮੰਤਰੀ ਗਣਤੰਤਰ ਦਿਵਸ ਮੌਕੇ ਫਰੀਦਕੋਟ ਵਿਖੇ ਲਹਿਰਾਉਣਗੇ ਕੌਮੀ ਝੰਡਾ

ਚੰਡੀਗੜ੍ਹ, (ਗੁਰਜੀਤ ਬਿੱਲਾ)

ਸਾਲ 2025 ਦੇ ਗਣਤੰਤਰ ਦਿਵਸ ਮੌਕੇ ਪੰਜਾਬ ਦਾ ਸੂਬਾ ਪੱਧਰੀ ਸਮਾਗਮ ਲੁਧਿਆਣਾ ਵਿਖੇ ਹੋਵੇਗਾ।ਇੱਥੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 26 ਜਨਵਰੀ ਨੂੰ ਕੌਮੀ ਝੰਡਾ ਲਹਿਰਾਉਣਗੇ।ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਫਰੀਦਕੋਟ ਵਿਖੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ।ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਵੱਲੋਂ ਰੂਪਨਗਰ ਵਿਖੇ ਕੌਮੀ ਝੰਡਾ ਲਹਿਰਾਇਆ ਜਾਵੇਗਾ।ਇਸ ਤੋਂ ਇਲਾਵਾ ਵਿੱਤ, ਪਲਾਨਿੰਗ ਅਤੇ ਕਰ ਤੇ ਆਬਾਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸੰਗਰੂਰ, ਨਵੇਂ ਤੇ ਨਵਿਆਉਣਯੋਗ ਊਰਜਾ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ਅਮਨ ਅਰੋੜਾ ਵੱਲੋਂ ਜਲੰਧਰ, ਸਮਾਜਿਕ ਨਿਆਂ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਬਰਨਾਲਾ, ਐਨ.ਆਰ.ਆਈ, ਅਫ਼ੇਅਰਜ਼ ਅਤੇ ਪ੍ਰਬੰਧਕੀ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਗੁਰਦਾਸਪੁਰ, ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਮੋਗਾ, ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਬਠਿੰਡਾ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਅਤੇ ਜੰਗਲਾਤ ਮੰਤਰੀ ਲਾਲ ਚੰਦ ਵੱਲੋਂ ਸ੍ਰੀ ਮੁਕਤਸਰ ਸਾਹਿਬ ਅਤੇ ਟਰਾਂਸਪੋਰਟ ਅਤੇ ਜੇਲ੍ਹਾਂ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਫਾਜ਼ਿਲਕਾ ਵਿਖੇ ਝੰਡਾ ਕੌਮੀ ਝੰਡਾ ਲਹਿਰਾਇਆ ਜਾਵੇਗਾ।ਇਸ ਤੋਂ ਇਲਾਵਾ ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਹੁਸ਼ਿਆਰਪੁਰ, ਊਰਜਾ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਵੱਲੋਂ ਫਿਰੋਜ਼ਪੁਰ, ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਭੂਮੀ ਅਤੇ ਪਾਣੀ ਦੀ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪਟਿਆਲਾ, ਸੈਰ ਸਪਾਟਾ ਅਤੇ ਸਭਿਆਚਾਰਾਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਵਣਜ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਅੰਮ੍ਰਿਤਸਰ, ਸਥਾਨਕ ਸਰਕਾਰ ਅਤੇ ਸੰਸਦੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਮਲੇਰਕੋਟਲਾ, ਖੇਤੀਬਾੜੀ ਅਤੇ ਪਸ਼ੂ-ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਤਰਨ-ਤਾਰਨ ਅਤੇ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ

ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

ਬਲਾਚੌਰ (ਜਸਵਿੰਦਰ ਬੈਂਸ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵਿਖੇ ਲੋਹੜੀ ਦਾ ਤਿਉਹਾਰ ਸਮੂਹ ਸਟਾਫ਼ ਅਤੇ ਬੱਚਿਆਂ ਵੱਲੋਂ ਬੜੇ ਚਾਵਾਂ ਨਾਲ ਮਨਾਇਆ ਗਿਆ।ਬੱਚੇ ਅਤੇ ਅਧਿਆਪਕ ਖੁਲ੍ਹੇ ਗਰਾਊਂਡ ਵਿੱਚ ਇੱਕਠੇ ਹੋਏ ਅਤੇ

ਪ੍ਰੰਪਰਾਗਤ ਧੂਣੀ ਜਲਾਈ।ਸ੍ਰੀਮਤੀ ਸ਼ਸ਼ੀ ਬਾਲਾ ਮੁੱਖ ਅਧਿਆਪਕਾ ਵਲੋਂ ਮੂੰਗਫਲੀ, ਰੇਵੜੀਆਂ ਅਤੇ ਗੱਚਕ ਆਦਿ ਅਗਨੀ ਨੂੰ ਭੇਟ ਕਰ ਕੇ ਲੋਹੜੀ ਦੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ।ਬੱਚਿਆਂ ਨੇ ਵਿਰਾਸਤੀ ਗੀਤ 'ਸੁੰਦਰ ਮੁੰਦਰੀਏ' ਗਾ ਕੇ ਆਨੰਦ ਮਾਣਿਆ । ਲੜਕੀਆਂ ਵੱਲੋਂ ਗਿੱਧਾ ਵੀ ਪਾਇਆ ਗਿਆ।ਸਕੂਲ ਪ੍ਰਬੰਧਕਾਂ ਵੱਲੋਂ ਸਮੂਹ ਅਧਿਆਪਕਾਂ ਅਤੇ ਬੱਚਿਆਂ ਨੂੰ ਰਿਉੜੀਆਂ ਅਤੇ ਮੂੰਗਫਲੀ ਦੇ ਪੈਕਟ ਵੰਡੇ ਗਏ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਅਜੀਤ ਰਾਮ ਧੀਮਾਨ ਨੇ ਵੀ ਸ਼ਿਰਕਤ ਕੀਤੀ ਅਤੇ ਆਪਣੇ ਸੰਬੋਧਨ ਵਿਚ ਲੋਹੜੀ ਨੂੰ ਮਨਾਉਣ ਦੇ ਪਿਛੋਕੜ ਬਾਰੇ ਚਾਨਣਾ ਪਾਇਆ।ਇਸ ਸਮੇਂ ਸ਼ਸ਼ੀ ਬਾਲਾ ਮੁੱਖ ਅਧਿਆਪਕਾ ਤੋਂ ਇਲਾਵਾ ਸਟਾਫ਼ ਮੈਬਰਜ ਰਣਜੀਤ ਸਿੰਘ, ਸੁਮਨ ਕੁਮਾਰੀ, ਨਿਧੀ ਸ਼ਰਮਾਂ, ਰਾਜਵਿੰਦਰ ਕੌਰ, ਸਨਪ੍ਰੀਤ ਕੌਰ, ਹਰਸਿਮਰਨ ਕੌਰ, ਜਤਿੰਦਰਾ, ਰਣਜੀਤ ਕੌਰ, ਅਮਨਦੀਪ ਕੌਰ, ਰੁਪਿੰਦਰ ਕੌਰ, ਪ੍ਰਵੀਨ ਕੁਮਾਰੀ, ਸਵਿਤਾ, ਨੇਹਾ, ਰਿਸ਼ੂ ਆਦਿ ਵੀ ਹਾਜ਼ਰ ਸਨ।

ਮੋਦੀ ਸਰਕਾਰ ਦੇ ਫੈਡਰਲ ਢਾਂਚੇ 'ਤੇ ਘਾਤਕ ਹਮਲਿਆਂ ਵਿਰੁੱਧ ਕਨਵੈਨਸ਼ਨ 22 ਨੂੰ

ਜਲੰਧਰ (ਰਾਜੇਸ਼ ਥਾਪਾ)-ਕੇਂਦਰ ਦੀ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਅਤੇ ਫੈਡਰਲ ਢਾਂਚੇ 'ਤੇ ਇਸ ਵਲੋਂ ਕੀਤੇ ਜਾ ਰਹੇ ਘਾਤਕ ਹਮਲਿਆਂ ਖਿਲਾਫ਼ ਸਮੂਹ ਪੰਜਾਬੀਆਂ ਦਾ ਸਰਵ ਸਾਂਝਾ ਘੋਲ ਵਿੱਢਣ ਦੀ ਠੋਸ ਵਿਉਂਤਬੰਦੀ ਕਰਨ ਲਈ 22 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕ ਸੂਬਾ ਪੱਧਰੀ ਨੁਮਾਇੰਦਾ ਕਨਵੈਨਸ਼ਨ ਸੱਦੀ ਜਾ ਰਹੀ ਹੈ। ਸੂਬੇ ਦੀਆਂ ਬਹੁ ਗਿਣਤੀ ਖੱਬੀਆਂ ਪਾਰਟੀਆਂ, ਫੈਡਰਲਿਜ਼ ਤੇ ਜਨਵਾਦ ਦੇ ਪਹਿਰਾਬਰਦਾਰ ਖੇਤਰੀ ਦਲਾਂ ਅਤੇ ਬੁਲੰਦਕਦ ਬੁੱਧੀਜੀਵੀਆਂ ਤੇ ਹੋਰ ਨਾਮਵਰ ਸ਼ਖਸੀਅਤਾਂ ਨੇ ਇਸ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੀ ਹਾਮੀ ਭਰੀ ਹੈ।ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ .) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਅਤੇ ਸੀਪੀਆਈ (ਐਮਐਲ) ਲਿਬ੍ਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ, ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਰਾਜਬਿੰਦਰ ਸਿੰਘ ਰਾਣਾ ਤੇ ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਸੁਖਦਰਸ਼ਨ ਸਿੰਘ ਨੱਤ ਨੇ ਦਿੱਤੀ ਹੈ।ਕਮਿਊਨਿਸਟ ਆਗੂਆਂ ਨੇ ਦੱਸਿਆ ਹੈ ਕਿ ਕੇਂਦਰੀ ਹੁਕਮਰਾਨ, ਸਮਵਰਤੀ ਸੂਚੀ ਵਿਚ ਦਰਜ ਖੇਤੀ ਬਾੜੀ, ਸਿੱਖਿਆ, ਬਿਜਲੀ ਆਦਿ ਨਾਲ ਸਬੰਧਤ ਅਤੇ ਹੋਰ ਸਾਰੇ ਸੂਬਾਈ ਅਧਿਕਾਰਾਂ ਦਾ ਨਿਰੰਤਰ ਘਾਣ ਕਰਦੇ ਜਾ ਰਹੇ ਹਨ। ਯੂਜੀਸੀ ਦੇ ਨਿਯਮਾਂ 'ਚ ਫਿਰਕੂ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਤਾਜ਼ਾ ਭੰਨ-ਤੋੜ ਇਸ ਵਰਤਾਰੇ ਦੀ ਸਭ ਤੋਂ ਨਵੀਨਤਮ ਕੜੀ ਹੈ।ਉਨ੍ਹਾਂ ਸਮੂਹ ਪੰਜਾਬ ਹਿਤੈਸ਼ੀਆਂ ਅਤੇ ਜਮਹੂਰੀਅਤ, ਫੈਡਰਲਿਜ਼ਮ, ਧਰਮ ਨਿਰਪੱਖਤਾ ਤੇ ਸ਼ਹਿਰੀ ਆਜ਼ਾਦੀਆਂ ਦੀਆਂ ਮੁਦੱਈ ਸਭਨਾਂ ਨਿਆਂ ਪਸੰਦ ਧਿਰਾਂ ਨੂੰ ਉਕਤ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅ

16- jan- PAGE 9.qxd 1/15/2025 11:11 PM Page 1

ਸਰਕਾਰ ਸੂਬੇ 'ਚ ਖੇਡ ਸੱਭਿਆਚਾਰ ਪ੍ਰਫੁੱਲਤ ਕਰਨ ਲਈ ਲਗਾਤਾਰ ਯਤਨਸ਼ੀਲ : ਹਰਭਜਨ ਸਿੰਘ ਈ ਟੀ ਓ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪਿੰਡ ਸੰਘੇ ਖਾਲਸਾ ਵਿਖੇ 30ਵੇਂ ਸਾਲਾਨਾ ਬਾਬਾ ਸ਼ਹੀਦਾਂ ਖੇਡ ਅਤੇ ਸੱਭਿਆਚਾਰਕ ਮੇਲੇ ਦੇ ਤੀਜੇ ਤੇ ਆਖਰੀ ਦਿਨ ਸ਼ਿਰਕਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿਥੇ ਰਾਜ ਵਿੱਚ ਖੇਡ ਸੱਭਿਆਚਾਰ ਪ੍ਰਫੁੱਲਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਨੌਜਵਾਨ ਪੀੜ੍ਹੀ ਨੂੰ ਸਾਡੇ ਅਮੀਰ ਵਿਰਸੇ ਨਾਲ ਜੋੜਨ ਲਈ ਵੀ ਉਪਰਾਲੇ ਕਰ ਰਹੀ ਹੈ।ਕੈਬਨਿਟ ਮੰਤਰੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਿੰਡਾਂ ਵਿੱਚ ਲੱਗਦੇ ਇਹ ਖੇਡ ਅਤੇ ਸੱਭਿਆਚਾਰਕ ਮੇਲੇ ਸੂਬੇ ਦੀ ਅਮੀਰ ਵਿਰਾਸਤ ਦਾ ਹਿੱਸਾ ਹਨ ਅਤੇ ਰਾਜ ਸਰਕਾਰ ਸੂਬੇ ਦੀ ਇਸ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਣ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 'ਖੇਡਾਂ ਵਤਨ ਪੰਜਾਬ ਦੀਆਂ' ਜ਼ਰੀਏ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਮੰਚ ਪ੍ਰਦਾਨ ਕਰਨ ਦੇ ਨਾਲ-ਨਾਲ ਖੇਡਣ ਲਈ ਸੁਖਾਵਾਂ ਮਾਹੌਲ ਦਿੱਤਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਖੇਡਾਂ ਦੇ ਬੁਨਿਆਦੀ ਢਾਂਚੇ ਵਿੱਚ ਕੀਤੇ ਸੁਧਾਰ ਸਦਕਾ ਪੰਜਾਬ ਦੇ ਨੌਜਵਾਨ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ।ਬਿਜਲੀ ਮੰਤਰੀ ਨੇ ਵਿਧਾਇਕ ਇੰਦਰਜੀਤ ਕੌਰ ਵੱਲੋਂ ਆਪਣੇ ਹਲਕੇ ਦੇ ਪਿੰਡਾਂ ਦੇ ਵਿਕਾਸ ਲਈ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬੀਬੀ ਮਾਨ ਵੱਲੋਂ ਪਿੰਡਾਂ ਵਿੱਚ ਖੁਦ ਜਾ ਕੇ ਉਥੋਂ ਦੀਆਂ ਜ਼ਰੂਰਤਾਂ ਨੂੰ ਵਾਚ ਕੇ ਵਿਕਾਸ ਕਾਰਜਾਂ ਲਈ ਸਲਾਹੁਣਯੋਗ ਉਪਰਾਲੇ ਕੀਤੇ ਜਾ ਰਹੇ ਹਨ।ਸੰਘੇ ਖਾਲਸਾ ਇੰਟਰਨੈਸ਼ਨਲ ਬਾਬਾ ਸ਼ਹੀਦਾਂ ਸੁਸਾਇਟੀ ਸਰੀ ਬੀ.ਸੀ. ਕੈਨੇਡਾ ਸੰਘੇ ਖਾਲਸਾ ਓਵਰਸੀਜ਼ ਵੈੱਲਫੇਅਰ ਕਮੇਟੀ ਸੰਘੇ ਖਾਲਸਾ ਨੂੰ ਹਰ ਸਾਲ ਇਹ ਮੇਲਾ ਕਰਵਾਉਣ 'ਤੇ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਅਜਿਹੇ ਮੇਲੇ ਨੌਜਵਾਨ ਪੀੜ੍ਹੀ ਨੂੰ ਸੇਧ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੇ ਹਨ। ਉਨ੍ਹਾਂ ਵੱਲੋਂ ਇਸ ਮੌਕੇ ਜੇਤੂ ਖਿਡਾਰੀਆਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਜੀਤ ਸਿੰਘ ਰੰਧਾਵਾ, ਸਤਿੰਦਰ ਸਿੰਘ ਸੰਘਾ, ਸੁਰਜੀਤ ਸਿੰਘ ਰੰਧਾਵਾ, ਪਿਆਰਾ ਸਿੰਘ ਸੰਘਾ, ਪਿੰਡ ਦੀ ਪੰਚਾਇਤ ਅਤੇ ਓਵਰਸੀਜ਼ ਕਮੇਟੀ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਦਰਸ਼ਕ ਮੌਜੂਦ ਸਨ।

ਹੁਨਰਮੰਦਾਂ ਨੂੰ ਸਟਾਰਟਅੱਪਸ ਲਈ ਮੌਕੇ 'ਤੇ ਫੰਡਾਂ ਦੀ ਨਹੀਂ ਹੋਵੇਗੀ ਘਾਟ : ਭਾਰਤੀ ਸਿੱਖਿਆ ਮੰਤਰਾਲਾ

ਮੋਹਾਲੀ, (ਗੁਰਜੀਤ ਬਿੱਲਾ)

ਚੰਡੀਗੜ੍ਹ ਇੰਜੀਨੀਅਰਿੰਗ ਕਾਲਜ (ਸੀਈਸੀ) ਅਤੇ ਸੀਜੀਸੀ ਲਾਂਡਰਾਂ ਨੂੰ ਇਕ ਨਿਵੇਕਲੀ ਪਹਿਲ ਲਈ ਮੌਕਾ ਦਿੱਤਾ ਗਿਆ ਹੈ। ਜਿਸ ਵਿਚ ਸਟਾਰਟਅੱਪਸ 'ਉਦਯਮੋਤਸਵ 2025' ਲਈ ਸਮਾਗਮ 16 ਜਨਵਰੀ ਨੂੰ ਸੀਜੀਸੀ ਲਾਂਡਰਾਂ ਵਿਖੇ ਕਰਵਾਇਆ ਜਾ ਰਿਹਾ ਹੈ। ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਸੀਜੀਸੀ ਲਾਂਡਰਾਂ ਦੇ ਡਾਇਰੈਕਟਰਾਂ ਨੇ ਦੱਸਿਆ ਕਿ ਇਸ ਸਮਾਰੋਹ ਦੌਰਾਨ ਇਨਵੈਸਟਰਾਂ ਅਤੇ ਸਟਾਰਟਅੱਪ ਲਈ ਕੰਮ ਕਰਨ ਦਾ ਵਧੀਆ ਮੌਕਾ ਮਿਲੇਗਾ। ਇਸ ਈਵੈਂਟ ਦਾ ਨਾਂਅ ਉਦਯਮੋਤਸਵ-2025 ਰੱਖਿਆ ਗਿਆ ਹੈ, ਜੋ ਇੱਕ ਵਿਲੱਖਣ ਪ੍ਰੋਗਰਾਮ ਹੈ, ਜਿਸ ਵਿਚ ਨਿਵੇਕਲੀਆਂ ਖੋਜਾਂ ਕਰਨ ਵਾਲੇ ਵਿਦਿਆਰਥੀਆਂ, ਜਿਹੜੇ ਕਿ ਕਿਸੇ ਸਮੇਂ ਪੈਸਿਆਂ ਦੀ ਘਾਟ ਕਾਰਨ ਤਰੱਕੀ ਦੀ ਰਾਹ ਉਤੇ ਤੁਰਨ ਤੋਂ ਵਾਂਝੇ ਰਹਿ ਜਾਂਦੇ ਸੀ ਅਤੇ ਪੈਸਿਆਂ ਦੀ ਥੋੜ੍ਹ ਕਾਰਨ ਉਹਨਾਂ ਦੇ ਪ੍ਰੋਜੈਕਟ ਸਮੇਂ ਤੋਂ ਪਹਿਲਾਂ ਹੀ ਦਮ ਤੋੜ ਦਿੰਦੇ ਸੀ। ਜੋ ਲੋਕ ਇਸ ਸਮਾਜ ਨੂੰ ਆਪਣੀਆਂ ਪਹਿਲਕਦਮੀਆਂ ਅਤੇ ਵਿਲੱਖਣ ਖੋਜਾਂ ਕਾਰਨ ਵਧੀਆ ਬਣਾਉਣ ਦਾ ਇਛੁੱਕ ਹਨ, ਇਹ ਪਲੇਟਫਾਰਮ ਉਹਨਾਂ ਲੋਕਾਂ ਲਈ ਸੁਨਹਿਰੀ ਮੌਕਾ ਪ੍ਰਦਾਨ ਕਰੇਗਾ। ਯੂਨੀਵਰਸਿਟੀਆਂ ਅਤੇ ਕਾਲਜਾਂ ਅੰਦਰ ਸ਼ੁਰੂਆਤੀ ਪੜਾਅ ਦੇ ਸਟਾਰਟਅੱਪਸ ਲਈ ਫੰਡ ਇਕੱਠਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਉੱਭਰ ਰਹੇ ਉੱਦਮੀਆਂ ਅਤੇ ਉਨ੍ਹਾਂ ਦੇ ਸਟਾਰਟਅੱਪਸ ਨੂੰ ਪੈਸਾ ਇਨਵੈਸਟ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਅਤੇ ਫੰਡਿੰਗ ਨੂੰ ਉਤਸ਼ਾਹਿਤ ਕਰਨ, ਲਾਹੇਵੰਦ ਸਲਾਹ ਪ੍ਰਾਪਤ ਕਰਨ ਅਤੇ ਪ੍ਰਮੁੱਖ ਉਦਯੋਗਿਕ ਘਰਾਣਿਆਂ ਅਤੇ ਨਿਵੇਸਕਾਂ ਨਾਲ ਆਪਸੀ ਸੰਪਰਕ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਦੇਸ਼ ਭਰ ਦੀਆਂ ਕੁੱਲ 13 ਸੰਸਥਾਵਾਂ ਵਿੱਚੋਂ ਸੀਜੀਸੀ ਲਾਂਡਰਾਂ ਨੂੰ ਇਸ ਪ੍ਰੋਜੈਕਟ ਨੂੰ ਪੰਜਾਬ ਵਿਚ ਨੇਪਰੇ ਚਾੜਨ ਲਈ ਚੁਣਿਆ ਗਿਆ ਹੈ। 'ਉਦਯਮੋਤਸਵ 2025', ਸਿੱਖਿਆ ਮੰਤਰਾਲੇ ਦੇ ਇਨੋਵੇਸਨ ਸੈੱਲ ਅਤੇ ਏਆਈਸੀਟੀਈ ਦੁਆਰਾ ਸਟਾਰਟਅੱਪ ਪੰਜਾਬ, ਪੰਜਾਬ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਜਾਣ ਵਾਲਾ ਇੱਕ ਪ੍ਰਮੁੱਖ ਸਮਾਗਮ ਹੈ। ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਪੀ.ਐਨ. ਰਿਸ਼ੀਕੇਸ਼ਾ, ਡਾਇਰੈਕਟਰ ਆਰ ਐਂਡ ਡੀ, ਸੀਜੀਸੀ ਲਾਂਡਰਾਂ ਡਾ. ਰੁਚੀ ਸਿੰਗਲਾ, ਡਾਇਰੈਕਟਰ ਪ੍ਰਿੰਸੀਪਲ ਸੀਈਸੀ-ਸੀਜੀਸੀ ਲਾਂਡਰਾਂ ਡਾ. ਰਾਜਦੀਪ ਸਿੰਘ, ਡਾਇਰੈਕਟਰ ਐਡਮਿਨ ਸੀਜੀਸੀ ਲਾਂਡਰਾਂ ਮੇਜਰ ਐਚ.ਐਸ. ਔਲਖ ਅਤੇ ਆਈਪੀਆਰ ਹੈੱਡ ਆਈਪੀਆਰ ਸੈੱਲ ਸੀਜੀਸੀ ਲਾਂਡਰਾਂ ਡਾ. ਦਿਨੇਸ਼ ਅਰੋੜਾ ਆਦਿ ਹਾਜ਼ਰ ਸਨ।

8 ਬੋਤਲਾਂ ਸ਼ਰਾਬ ਬਰਾਮਦ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ): ਸ੍ਰੀ ਚਮਕੌਰ ਸਾਹਿਬ ਪੁਲਸ ਨੇ ਇੱਥੋਂ ਦੀ ਇੰਦਰਾ ਕਲੋਨੀ ਦੇ ਇੱਕ ਘਰ ਵਿੱਚੋਂ 8 ਬੋਤਲਾਂ ਸ਼ਰਾਬ ਦੀਆਂ ਬਰਾਮਦ ਕੀਤੀਆਂ ਹਨ। ਏ ਐਸ ਆਈ ਜਰਨੈਲ ਸਿੰਘ ਨੇ ਦੱਸਿਆ ਕਿ ਕਾਸੋ ਅਪਰੇਸ਼ਨ ਅਧੀਨ ਪੁਲਸ ਪਾਰਟੀ ਨੇ ਬੀਤੇ ਦਿਨੀਂ ਇੰਦਰਾ ਕਲੋਨੀ ਦੇ ਬਲਵਿੰਦਰ ਸਿੰਘ ਪੁੱਤਰ ਮੱਲ ਖਾਨ ਦੇ ਘਰ ਦੀ ਤਲਾਸ਼ੀ ਦੌਰਾਨ 8 ਬੋਤਲਾਂ ਨਾਜਾਇਜ਼ ਸ਼ਰਾਬ ਮਾਰਕਾ ਪੰਜਾਬ ਮਾਲਵਾ ਨੰਬਰ 1 ਫਾਰ ਸੇਲ ਇਨ ਪੰਜਾਬ ਬਰਾਮਦ ਕੀਤੀਆਂ, ਜਿਸ 'ਤੇ ਮੁਲਜ਼ਮ ਬਲਵਿੰਦਰ ਸਿੰਘ ਵਿਰੁੱਧ ਆਬਕਾਰੀ ਐਕਟ ਦੀ ਧਾਰਾ ਅਧੀਨ ਕੇਸ ਦਰਜ ਕਰਕੇ ਮੁਲਜ਼ਮ ਨੂੰ ਕਾਬੂ ਕਰ ਲਿਆ।

ਖਲਵਾੜਾ ਦੀ ਵਿਦਿਆਰਥਣ ਨੇ ਜਿੱਤਿਆ ਵਿਗਿਆਨ ਪ੍ਰਦਰਸ਼ਨੀ ਮੁਕਾਬਲਾ

ਫਗਵਾੜਾ (ਡਾ.ਰਮਨ, ਢੱਡਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਵਿਖੇ ਹੋਏ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਮੁਕਾਬਲੇ ਵਿੱਚ ਭੋਜਨ ਸਿਹਤ ਅਤੇ ਸਫਾਈ ਥੀਮ ਅਧੀਨ ਸਰਕਾਰੀ ਹਾਈ ਸਕੂਲ ਖਲਵਾੜਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਕੂਲ ਦੇ ਹੈੱਡ ਮਾਸਟਰ ਹਰਸਿਮਰਨ ਸਿੰਘ ਨੇ ਦੱਸਿਆ ਕਿ ਛੇਵੀਂ ਕਲਾਸ ਦੀ ਵਿਦਿਆਰਥਣ ਅੰਮ੍ਰਿਤਾ ਨੂੰ ਇਸ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ। ਜੋ ਕਪੂਰਥਲਾ ਵਿਖੇ ਹੋਣ ਵਾਲੇ ਜਿਲ੍ਹਾ ਪੱਧਰੀ ਮੁਕਾਬਲੇ ਵਿਚ ਭਾਗ ਲਵੇਗੀ। ਉਹਨਾਂ ਹੋਣਹਾਰ ਵਿਦਿਆਰਥਣ ਅੰਮ੍ਰਿਤਾ ਨੂੰ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਵੱਧੀਆ ਪ੍ਰਦਰਸ਼ਨ ਕਰਨ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਦੌਰਾਨ ਉਹਨਾਂ ਨੇ ਮੈਡਮ ਜੋਤੀ ਕੁਮਾਰੀ ਦੀ ਮਿਹਨਤ ਨੂੰ ਵੀ ਸਰਾਹਿਆ, ਜਿਹਨਾਂ ਦੇ ਮਾਰਗਦਰਸ਼ਨ ਹੇਠ ਛੇਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੇ ਵਧੀਆ ਪ੍ਰਦਰਸ਼ਨ ਰਾਹੀਂ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਸਕੂਲ ਸਟਾਫ ਮੈਡਮ ਰਜਿੰਦਰ ਕੌਰ, ਸਵਿਤਾ ਪਵਾਰ, ਪੂਜਾ ਸੂਦ, ਅਤਿਕਾ ਧੀਰ, ਆਸ਼ਾ ਰਾਣੀ, ਕਮਲੇਸ਼ ਕੌਰ ਅਤੇ ਰਚਨਾ ਦੇਵੀ ਆਦਿ ਹਾਜਰ ਸਨ।

ਅਗਨਵੀਰ ਭਰਤੀ ਸੰਬੰਧੀ ਲਿਖਤੀ ਪੇਪਰ ਦੀ ਤਿਆਰੀ ਲਈ ਕੈਂਪ ਅੱਜ ਤੋਂ

ਨਵਾਂਸ਼ਹਿਰ, (ਮਨੋਜ ਲਾਡੀ)-ਸੀ-ਪਾਈਟ ਕੈਂਪ ਨਵਾਂਸ਼ਹਿਰ ਦੇ ਟ੍ਰੇਨਿੰਗ ਅਧਿਕਾਰੀ ਸੂਬੇਦਾਰ ਤਜਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਹਿਸੀਲ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਦੇ ਯੁਵਕਾਂ ਲਈ ਆਉਣ ਵਾਲੀ ਆਰਮੀ ਦੀ ਅਗਨਵੀਰ ਭਰਤੀ ਸਬੰਧੀ ਲਿਖਤੀ ਪੇਪਰ ਦੀ ਤਿਆਰੀ ਲਈ ਸੀ-ਪਾਈਟ ਕੈਂਪ ਨਵਾਂਸ਼ਹਿਰ ਵਿਖੇ ਮਿਤੀ 16 ਜਨਵਰੀ ਤੋਂ ਕੈਂਪ ਸ਼ੁਰੂ ਹੋ ਰਿਹਾ ਹੈ। ਇਸ ਸਬੰਧੀ ਸੀ-ਪਾਈਟ ਨਵਾਂਸ਼ਹਿਰ ਵਿਖੇ ਲਿਖਤੀ ਪੇਪਰ ਦੀ ਤਿਆਰੀ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਜ਼ਿਲ੍ਹਿਆਂ ਨਾਲ ਸਬੰਧਤ ਚਾਹਵਾਨ ਨੌਜਵਾਨ ਕਿਸੇ ਵੀ ਦਿਨ ਸਵੇਰੇ 9 ਵਜੇ ਤੋਂ ਬਾਅਦ ਜ਼ਰੂਰੀ ਦਸਤਾਵੇਜ਼ਾਂ ਦੀ ਅਸਲ ਅਤੇ ਫੋਟੋ ਕਾਪੀਆਂ ਲੈ ਕੇ ਸੀ-ਪਾਈਟ ਕੈਂਪ, ਮਾਰਫਤ ਨਹਿਰੀ ਵਿਸ਼ਰਾਮ ਘਰ, ਰਾਹੋਂ ਰੋਡ, ਨਵਾਂਸ਼ਹਿਰ ਵਿਖੇ ਹਾਜ਼ਰ ਹੋ ਸਕਦੇ ਹਨ।

ਤਲਵਣ 'ਚ ਲਗਾਇਆ ਹੈੱਲਥ ਚੈੱਕਅੱਪ ਕੈਂਪ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਨੇੜਲੇ ਪਿੰਡ ਤਲਵਣ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਬਿਲਗਾ ਕਮਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਹੈਲਥ ਐਂਡ ਵੈਲਨੈਸ ਸੈਂਟਰ ਤਲਵਣ ਦੇ ਸਿਹਤ ਕਰਮਚਾਰੀਆਂ ਵੱਲੋਂ ਆਯੂਸ਼ਮਾਨ ਹੈਲਥ ਚੈਕਅੱਪ ਕੈਂਪ ਲਗਾਇਆ ਗਿਆ।ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਗਈ, ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਅਤੇ ਰੋਕਥਾਮ ਲਈ ਸਲਾਹ ਦਿੱਤੀ ਗਈ।ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਟੀ.ਬੀ ਦੀ ਬਿਮਾਰੀ ਦੀ ਜਾਂਚ, ਗਰਭਵਤੀ ਔਰਤਾਂ ਦੀ ਜਾਂਚ ਅਤੇ ਐਨ.ਸੀ.ਡੀ. ਬਿਮਾਰੀਆਂ ਦੀ ਜਾਂਚ ਕੀਤੀ ਗਈ।ਨਗਰ ਵਾਸੀਆਂ ਨੂੰ ਆਯੂਸ਼ਮਾਨ ਕਾਰਡ ਅਤੇ ਆਭਾ ਆਈਡੀ ਦਿੱਤੀ ਗਈ ਤਾਂ ਜੋ ਉਹ ਆਪਣਾ ਇਲਾਜ ਮੁਫ਼ਤ ਕਰਵਾ ਸਕਣ। ਸੀ. ਐਚ. ਓ ਡਾ: ਅਮਨਪ੍ਰੀਤ ਕੌਰ ਨੇ ਦੱਸਿਆ ਕਿ ਕੈਂਪ ਤੋਂ ਪੰਜਾਹ ਦੇ ਕਰੀਬ ਲੋਕਾਂ ਨੇ ਲਾਭ ਉਠਾਇਆ ਅਤੇ ਮੈਡਮ ਨੇ ਲੋਕਾਂ ਨੂੰ ਸਾਲ 2025 ਵਿਚ ਟੀ.ਬੀ ਦੀ ਬਿਮਾਰੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ । ਇਸ ਮੌਕੇ ਏ. ਐਨ. ਐਮ ਗਗਨ ਵਰਮਾ ਅਤੇ ਆਸ਼ਾ ਵਰਕਰ ਹਾਜ਼ਰ ਸਨ।

ਸਾਂਝਾ ਅਧਿਆਪਕ ਮੋਰਚਾ ਵੱਲੋਂ ਰੋਸ ਰੈਲੀ ਤੇ ਮਾਰਚ 19 ਨੂੰ

ਮਹਿਤਪੁਰ (ਰਾਜਾ)

ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨਾਲ ਸਿਖਿਆ ਮੰਤਰੀ ਵਲੋਂ ਲਿਖਤੀ ਪੱਤਰ ਰਾਹੀਂ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ ਕੀਤੇ ਰੋਸ ਪ੍ਰਦਰਸ਼ਨ ਦੇ ਸਿੱਟੇ ਵਜੋਂ ਦਿੱਤੇ ਸੱਦੇ 'ਤੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਨਾ ਕਰਕੇ ਸਿੱਖਿਆ ਮੰਤਰੀ ਨੇ ਸਿੱਖਿਆ ਪ੍ਰਤੀ ਗੈਰ ਸੰਜੀਦਗੀ ਦਾ ਪ੍ਰਗਟਾਵਾ ਕੀਤਾ ਹੈ। ਇਸ ਸਮੇਂ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ਸਾਂਝੀ ਮੀਟਿੰਗ ਵਿੱਚ ਸਿੱਖਿਆ ਮੰਤਰੀ ਵਲੋਂ ਮੀਟਿੰਗ ਨਾ ਕਰਨ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਵਿੱਚ ਸੁਰਿੰਦਰ ਕੰਬੋਜ, ਦਿਗਵਿਜੇਪਾਲ ਸ਼ਰਮਾ, ਬਾਜ ਸਿੰਘ ਖਹਿਰਾ, ਬਲਜੀਤ ਸਿੰਘ ਸਲਾਣਾ, ਸੁਰਿੰਦਰ ਕੁਮਾਰ ਪੁਆਰੀ, ਸੁਖਜਿੰਦਰ ਸਿੰਘ ਹਰੀਕਾ, ਸੁਖਵਿੰਦਰ ਸਿੰਘ ਸੁੱਖੀ, ਐਨ.ਡੀ. ਤਿਵਾੜੀ, ਗੁਰਬਿੰਦਰ ਸਿੰਘ ਸਸਕੌਰ, ਰਾਜਿੰਦਰ ਸਿੰਘ, ਗੁਰਮੀਤ ਸਿੰਘ ਝੋਰੜਾ, ਸੁਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਤਿਰਲੋਚਨ ਸਿੰਘ, ਜਗਦੀਸ਼ ਰਾਏ ਆਦਿ ਹਾਜ਼ਰ ਸਨ।ਨਵਪ੍ਰੀਤ ਸਿੰਘ ਬੱਲੀ ਨੇ ਦੱਸਿਆ ਕਿ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲੇ ਹੱਲ ਨਾ ਕਰਨ ਅਤੇ ਜਨਤਕ ਸਿੱਖਿਆ ਨੂੰ ਤਬਾਹੀ ਵੱਲ ਧੱਕਣ ਲਈ ਮੌਜੂਦਾ ਸਰਕਾਰ ਜਿੰਮੇਵਾਰ ਹੈ, ਜੋ ਸਰਕਾਰੀ ਸਕੂਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਸਿੱਖਿਆ ਮਾਫੀਆ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ।ਉਨ੍ਹਾਂ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ।

ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੇ ਸੰਬੰਧ 'ਚ ਟ੍ਰੈਫਿਕ ਪੁਲਸ ਵੱਲੋਂ ਸੈਮੀਨਾਰ

ਚੰਡੀਗੜ੍ਹ (ਗੁਰਜੀਤ ਬਿੱਲਾ)

ਸੀਨੀਅਰ ਕਪਤਾਨ ਪੁਲਸ ਦੀਪਕ ਪਾਰਿਕ, ਐਸ.ਪੀ. ਟ੍ਰੈਫਿਕ ਐੱਚ ਐੱਸ ਮਾਨ, ਡੀ.ਐਸ.ਪੀ. ਟ੍ਰੈਫਿਕ ਕਰਨੈਲ ਸਿੰਘ ਦੇ ਹੁਕਮਾਂ ਤਹਿਤ ਟ੍ਰੈਫਿਕ ਐਜੂਕੇਸਨ ਸੈੱਲ ਦੇ ਇੰਚਾਰਜ ਏ ਐਸ ਆਈ ਜਨਕ ਰਾਜ ਤੇ ਮਹਿਲਾ ਸਿਪਾਹੀ ਖੁਸ਼ਪ੍ਰੀਤ ਕੌਰ ਵੱਲੋਂ ਕੁਲਜੀਤ ਕਟੋਚ ਏ.ਆਈ.ਇੰਚਾਰਜ ਮਨਿਸਟਰ ਕਾਰ ਸੈਸਨ, ਪੰਜਾਬ 01 ਨਾਲ ਮਿਲ ਕੇ ਗੱਡੀਆਂ ਪਾਸ ਕਰਾਉਣ ਆਏ ਲੋਕਾਂ ਨਾਲ ਅਤੇ ਸੀਨੀਅਰ ਸੈਕੰਡਰੀ ਰੈਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟ

16-Jan-PAGE--10.qxd 1/15/2025 11:23 PM Page 1

ਚੀਮਾ ਨੇ ਪ੍ਰਧਾਨ ਮਨਿੰਦਰ ਸਿੰਘ ਤੇ ਮੀਤ ਪ੍ਰਧਾਨ ਜਸਪ੍ਰੀਤ ਕੌਰ ਨੂੰ ਕੀਤਾ ਸਨਮਾਨਤ

ਦਿੜ੍ਹਬਾ/ ਸੰਗਰੂਰ (ਪ੍ਰਵੀਨ ਸਿੰਘ)-ਹਾਲ ਹੀ ਵਿੱਚ ਹੋਈਆਂ ਨਗਰ ਪੰਚਾਇਤ ਦਿੜ੍ਹਬਾ ਦੀਆਂ ਆਮ ਚੋਣਾਂ ਵਿੱਚ ਜਿੱਤੇ ਕੌਂਸਲਰਾਂ ਵਿੱਚੋਂ ਪ੍ਰਧਾਨ ਅਤੇ ਮੀਤ ਪ੍ਰਧਾਨ ਦੇ ਅਹੁਦਿਆਂ ਦੀ ਚੋਣ ਪ੍ਰਕਿਰਿਆ ਅੱਜ ਸਰਬਸੰਮਤੀ ਨਾਲ ਉਪ ਮੰਡਲ ਮੈਜਿਸਟਰੇਟ ਰਾਜੇਸ਼ ਸ਼ਰਮਾ ਦੀ ਅਗਵਾਈ ਹੇਠ ਸਬ ਡਵੀਜ਼ਨਲ ਕੰਪਲੈਕਸ ਦਿੜ੍ਹਬਾ ਵਿਖੇ ਨੇਪਰੇ ਚੜ੍ਹੀ, ਜਿਸ ਤਹਿਤ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਮਨਿੰਦਰ ਸਿੰਘ ਨੂੰ ਪ੍ਰਧਾਨ ਅਤੇ ਜਸਪ੍ਰੀਤ ਕੌਰ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਪੰਜਾਬ ਦੇ ਕੈਬਿਨਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰਧਾਨ ਮਨਿੰਦਰ ਸਿੰਘ ਤੇ ਮੀਤ ਪ੍ਰਧਾਨ ਜਸਪ੍ਰੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਸਨਮਾਨਤ ਕੀਤਾ ਅਤੇ ਪੂਰੀ ਤਨਦੇਹੀ ਤੇ ਸ਼ਿੱਦਤ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮਨਿੰਦਰ ਸਿੰਘ ਆਮ ਆਦਮੀ ਪਾਰਟੀ ਦੇ ਪੁਰਾਣੇ ਤੇ ਸਰਗਰਮ ਨੌਜਵਾਨ ਆਗੂ ਹਨ ਅਤੇ ਨਗਰ ਪੰਚਾਇਤ ਦੇ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਦੋਵੇਂ ਪ੍ਰਮੁੱਖ ਅਹੁਦੇਦਾਰ ਚੁਣ ਕੇ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸੋਚ ਉੱਤੇ ਪਹਿਰਾ ਦਿੰਦੇ ਹੋਏ ਨਗਰ ਪੰਚਾਇਤ ਦਿੜ੍ਹਬਾ ਦੀ ਸਮੁੱਚੀ ਟੀਮ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਇਮਾਨਦਾਰੀ ਤੇ ਸਮਰਪਣ ਭਾਵਨਾ ਨਾਲ ਪੂਰਾ ਕਰਨ ਲਈ ਵਚਨਬੱਧ ਹੈ।ਕੈਬਿਨਟ ਮੰਤਰੀ ਚੀਮਾ ਨੇ ਦੱਸਿਆ ਕਿ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਦੇ ਨਾਲ ਹੀ ਨਗਰ ਪੰਚਾਇਤ ਟੀਮ ਵੱਲੋਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਹੈ, ਜਿਸ ਤਹਿਤ ਜਲਦੀ ਹੀ 2 ਬਹੁ-ਕਰੋੜੀ ਲਾਗਤ ਵਾਲੇ ਲੋਕ ਪੱਖੀ ਪ੍ਰੋਜੈਕਟਾਂ ਦਾ ਆਗਾਜ਼ ਦਿੜ੍ਹਬਾ ਵਿਖੇ ਕਰ ਦਿੱਤਾ ਜਾਵੇਗਾ, ਜਿਸ ਵਿੱਚ ਇਨਡੋਰ ਸਟੇਡੀਅਮ ਅਤੇ ਖੁਸ਼ੀ ਗ਼ਮੀ ਦੇ ਮੌਕਿਆਂ ਉਤੇ ਸਮਾਗਮ ਕਰਨ ਲਈ ਲਗਭਗ 2.25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇੱਕ ਪੈਲੇਸ ਵੀ ਸ਼ਾਮਲ ਹਨ। ਇਸ ਮੌਕੇ ਕੈਬਿਨਟ ਮੰਤਰੀ ਦੇ ਓ ਐਸ ਡੀ ਤਪਿੰਦਰ ਸਿੰਘ ਸੋਹੀ, ਚੇਅਰਮੈਨ ਨਗਰ ਸੁਧਾਰ ਟਰੱਸਟ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਮਾਰਕੀਟ ਕਮੇਟੀ ਸੰਗਰੂਰ ਅਵਤਾਰ ਸਿੰਘ ਈਲਵਾਲ, ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ ਸਮੇਤ ਹੋਰ ਅਧਿਕਾਰੀ ਅਤੇ ਸਾਰੇ ਕੌਂਸਲਰ ਵੀ ਹਾਜ਼ਰ ਸਨ।

ਪ੍ਰੀਤੀਮਾਨ 'ਕਲਮ ਦੀ ਤਾਕਤ' ਐਵਾਰਡ ਨਾਲ ਸਨਮਾਨਤ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)- ਹੋਲੀ ਹਾਰਟ ਪਬਲਿਕ ਸਕੂਲ ਲਹਿਰਾ ਮੁਹੱਬਤ ਵਿਖੇ ਮਨਾਏ ਗਏ 'ਧੀਆਂ ਦੀ ਲੋਹੜੀ' ਤਿਉਹਾਰ ਮੌਕੇ ਪੰਜਾਬੀ ਮਾਂ-ਬੋਲੀ ਦੇ ਉੱਘੇ ਲੇਖਕ ਅਤੇ ਮਾਲਵਾ ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਦੇ ਪ੍ਰਧਾਨ ਦਰਸ਼ਨ ਸਿੰਘ ਪ੍ਰੀਤੀਮਾਨ ਨੂੰ 'ਕਲਮ ਦੀ ਤਾਕਤ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੇ ਐਮ. ਡੀ. ਅਜੈ ਜਿੰਦਲ ਨੇ ਸਮਾਗਮ ਵਿੱਚ ਦਰਸ਼ਨ ਸਿੰਘ ਪ੍ਰੀਤੀਮਾਨ ਸਮੇਤ ਪੁੱਜੀਆਂ ਸ਼ਖਸੀਅਤਾਂ ਦਾ ਸਵਾਗਤ ਕੀਤਾ। ਰਿਟਾ. ਮੁੱਖ ਅਧਿਆਪਕ ਹਰਿੰਦਰ ਸਿੰਘ ਭੁੱਲਰ ਨੇ ਸਮਾਜ ਵਿੱਚ ਚੱਲ ਰਹੀਆਂ ਸਮਾਜਿਕ ਬੁਰਾਈਆਂ ਭਰੂਣ ਹੱਤਿਆ, ਦਾਜ-ਦਹੇਜ ਤੇ ਨਸ਼ੇ ਆਦਿ (ਜਿਸ ਕਾਰਨ ਮਾਪੇ ਧੀਆਂ ਪੈਦਾ ਕਰਨ ਤੋਂ ਡਰਦੇ ਹਨ) ਬਾਰੇ ਪ੍ਰੀਤੀਮਾਨ ਵੱਲੋਂ ਚਲਾਏ ਸਮਾਜ ਸੁਧਾਰ ਕਾਰਜਾਂ ਦੀ ਗੱਲ ਕੀਤੀ। ਸਕੂਲ ਟੀਚਰ ਬਲਜਿੰਦਰ ਸਿੰਘ ਨੇ ਇਸਤਰੀ ਜਾਤੀ ਨਾਲ ਪੁਰਾਣੇ ਸਮੇਂ ਤੋਂ ਕੀਤੇ ਜਾਂਦੇ ਵਿਤਕਰੇ ਸਬੰਧੀ ਵਿਚਾਰ ਪੇਸ਼ ਕਰਦਿਆਂ ਪ੍ਰੀਤੀਮਾਨ ਦੇ ਸੁਧਾਰਕ ਯਤਨਾਂ ਅਤੇ ਸਟੇਜ ਦੀ ਜ਼ਿੰਮੇਵਾਰੀ ਨਿਭਾ ਰਹੇ ਰਿਟਾ. ਲੈਕਚਰਾਰ ਦਹੂਦ ਸਿੰਘ ਨੇ ਪ੍ਰੀਤੀਮਾਨ ਵੱਲੋਂ ਲਿਖੀਆਂ ਗਈਆਂ ਦੋ ਦਰਜਨ ਤੋਂ ਵਧੇਰੇ ਕਿਤਾਬਾਂ ਅਤੇ ਮਾਂ-ਬੋਲੀ ਪੰਜਾਬੀ ਨੂੰ ਸੱਤ ਸਮੁੰਦਰੋਂ ਪਾਰ ਪ੍ਰਫੁੱਲਤ ਕਰਨ ਦੇ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੋਅਰਡੀਨੇਟਰ ਮੈਡਮ ਭਾਰਤੀ, ਮੈਡਮ ਰੂਮਾ, ਡਾ. ਨਰੰਜਣ ਸਿੰਘ ਅਤੇ ਤੇਜਾ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਸ਼ਾਮਲ ਸਨ।

ਲੋਹੜੀ ਦਾ ਤਿਉਹਾਰ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਦਾ : ਜੱਸੀ ਸੋਹੀਆਂਵਾਲਾ, ਸੁਰਿੰਦਰ ਪਾਲ ਸ਼ਰਮਾ

ਨਾਭਾ (ਵਰਿੰਦਰ ਵਰਮਾ)- ਰੋਟਰੀ ਕਲੱਬ ਨਾਭਾ ਪ੍ਰਧਾਨ ਅਤੇ ਮਲਕੀਤ ਗਰੁੱਪ ਦੇ ਐਮ ਡੀ ਚਰਨ ਸਿੰਘ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਰੋਟਰੀ ਭਵਨ ਪਟਿਆਲਾ ਗੇਟ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਜੱਸੀ ਸੋਹੀਆਂਵਾਲਾ ਅਤੇ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਸ਼ਿਰਕਤ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਸ਼ਹਿਰ ਅਤੇ ਇਲਾਕੇ ਦੀਆਂ ਸਤਿਕਾਰਯੋਗ ਸ਼ਖਸੀਅਤਾਂ ਨਾਲ ਲੋਹੜੀ ਦੀ ਖੁਸ਼ੀ ਸਾਂਝੀ ਕੀਤੀ ਅਤੇ ਮਾਣ ਸਨਮਾਨ ਦੇਣ ਲਈ ਕਲੱਬ ਪ੍ਰਧਾਨ ਚਰਨ ਸਿੰਘ ਐਮ ਡੀ ਮਲਕੀਤ ਐਗਰੋਟੈਕ ਗਰੁੱਪ ਤੇ ਸਮੂਹ ਕਲੱਬ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ, ਕਿਉਂਕਿ ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਦੀ ਹੈ। ਇਸ ਮੌਕੇ ਕਲੱਬ ਪ੍ਰਧਾਨ ਚਰਨ ਸਿੰਘ, ਜਨਰਲ ਸਕੱਤਰ ਜੇਪੀ ਗੁਪਤਾ ਅਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਲਕੀਤ ਗਰੁੱਪ ਦੇ ਮਲਕੀਤ ਸਿੰਘ, ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ, ਕੈਸ਼ੀਅਰ ਵਿਨਾਯਕ ਮਲਹੋਤਰਾ, ਦਲਜੀਤ ਸਿੰਘ ਸੰਧੂ, ਜੀਵਨ ਪ੍ਰਕਾਸ਼ ਬਾਂਸਲ, ਸਾਬਕਾ ਸਿਵਲ ਸਰਜਨ ਡਾ. ਆਈ ਡੀ ਗੋਇਲ, ਵੇਦ ਪ੍ਰਕਾਸ਼ ਡੱਲਾ, ਐਡਵੋਕੇਟ ਨਿਤਿਨ ਜੈਨ, ਦਰਸ਼ਨ ਸਿੰਘ ਬੁੱਟਰ, ਰਵਨੀਸ਼ ਗੋਇਲ, ਡਾ ਜੇਪੀ ਨਰੂਲਾ, ਐਡਵੋਕੇਟ ਰੋਹਿਤ ਜਿੰਦਲ, ਦਰਸ਼ਨ ਅਰੋੜਾ, ਮਨਦੀਪ ਭਾਟੀਆ, ਰਾਜਕੁਮਾਰ ਜੇਤਵਾਨੀ, ਗਿਆਨ ਸਿੰਘ ਮੰਗੋ, ਨਰਿੰਦਰ ਮੋਹਨ ਸ਼ਰਮਾ, ਸਿਕੰਦਰ ਪ੍ਰਤਾਪ ਸਿੰਘ, ਗੁਰਦੀਪ ਸਿੰਘ ਬਿਰਦੀ, ਨਿਤਿਨ ਗੁਪਤਾ, ਨਵੀਨ ਗੁਪਤਾ, ਵਿਕਾਸ ਗੋਇਲ, ਵਿਵੇਕ ਸਿੰਗਲਾ, ਪੰਕਜ ਪੱਪੂ, ਆਸ਼ੀਸ਼ ਅਗਰਵਾਲ, ਦੀਪਕ ਕੁਮਾਰ, ਧੰਨਜੇ ਵਾਲੀਆ, ਵਿਜੇ ਬਿੰਦਰਾ, ਵਿਕਾਸ ਚੋਪੜਾ ਆਦਿ ਮੈਂਬਰ ਹਾਜ਼ਰ ਸਨ।

ਬੁੱਲੇਵਾਲ 'ਚ ਦੁੱਧ ਉਤਪਾਦਕਾਂ ਨੂੰ ਮੁਨਾਫ਼ਾ ਵੰਡਿਆ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) - ਨੇੜਲੇ ਪਿੰਡ ਬੁੱਲੇਵਾਲ ਵਿਖੇ ਦੁੱਧ ਉਤਪਾਦਕ ਸਹਿਕਾਰੀ ਸਭਾ ਵਲੋਂ ਦੁੱਧ ਉਤਪਾਦਕਾਂ ਨੂੰ ਮੁਨਾਫ਼ਾ ਵੰਡਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਸਭਾ ਦੇ ਲੱਗਭਗ 5 ਦਰਜਨ ਤੋਂ ਵੱਧ ਮੈਂਬਰਾਂ ਨੂੰ ਪਿਛਲੇ 2 ਸਾਲਾਂ ਦਾ 4 ਲੱਖ 32 ਹਜ਼ਾਰ 301 ਰੁਪਏ ਮੁਨਾਫ਼ਾ ਵੰਡਿਆ ਗਿਆ। ਉਨ੍ਹਾਂ ਦੱਸਿਆ ਕਿ ਦੁੱਧ ਉਤਪਾਦਕ ਸਭਾ ਪਿਛਲੇ ਲੰਮੇ ਸਮੇਂ ਤੋਂ ਵਧੀਆ ਕੰਮ ਕਰ ਰਹੀ ਹੈ ਜਿਸ ਨਾਲ ਇਲਾਕੇ ਦੇ ਲੋਕ ਵੱਡੇ ਪੱਧਰ 'ਤੇ ਜੁੜ ਕੇ ਦੁੱਧ ਦਾ ਉਤਪਾਦਨ ਵਧਾ ਰਹੇ ਹਨ। ਇਸ ਦੁੱਧ ਉਤਪਾਦਕ ਸਭਾ ਵਲੋਂ ਨਿਸ਼ਾਨ ਸਿੰਘ ਰਹੀਮਾਬਾਦ ਨੂੰ ਪਹਿਲਾ ਇਨਾਮ 29,377 ਰੁਪਏ, ਕੁਲਵਿੰਦਰ ਸਿੰਘ ਰਹੀਮਾਬਾਦ ਨੂੰ ਦੂਜਾ ਇਨਾਮ 17,574 ਰੁਪਏ, ਅਵਤਾਰ ਸਿੰਘ ਬੁੱਲੇਵਾਲ ਨੂੰ ਤੀਜਾ ਇਨਾਮ 15,379 ਰੁਪਏ ਲਾਭ ਪ੍ਰਾਪਤ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਮੀਤ ਪ੍ਰਧਾਨ, ਹਰਿੰਦਰ ਸਿੰਘ, ਕੁਲਵਿੰਦਰ ਸਿੰਘ, ਰਵਿੰਦਰ ਕੌਰ, ਰਜਿੰਦਰ ਕੌਰ, ਕਿਰਪਾਲ ਸਿੰਘ ਸਾਬਕਾ ਸਰਪੰਚ, ਦਲਜੀਤ ਸਿੰਘ ਸਾਬਕਾ ਸਰਪੰਚ, ਦੇਸ ਰਾਜ ਸਿੰਘ, ਗੁਰਦੇਵ ਸਿੰਘ, ਹਰਿੰਦਰ ਸਿੰਘ, ਗੁਰਮੇਲ ਸਿੰਘ, ਰਣਜੀਤ ਸਿੰਘ, ਗੁਰਦੀਪ ਸਿੰਘ ਪੰਚ, ਹਰਬੰਸ ਸਿੰਘ, ਮਨਜੋਤ ਸਿੰਘ, ਹਰਸਿਮਰਨ ਸਿੰਘ ਵੀ ਮੌਜੂਦ ਸਨ।

ਆਪ ਦਿੱਲੀ 'ਚ ਚੌਥੀ ਵਾਰ ਸਰਕਾਰ ਬਣਾਏਗੀ : ਹਰਿਆਊ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਆਮ ਆਦਮੀ ਪਾਰਟੀ ਅੰਦੋਲਨਾਂ ਵਿੱਚੋਂ ਨਿਕਲੀ ਹੋਈ ਪਾਰਟੀ ਹੈ, ਜਿਸ ਦਾ ਮੁੱਖ ਮਨੋਰਥ ਸੱਤਾ ਉੱਤੇ ਕਾਬਜ਼ ਹੋ ਕੇ ਲੋਕ ਭਲਾਈ ਦੇ ਕਾਰਜ ਕਰਨਾ ਹੈ। ਆਪਣੇ ਥੋੜ੍ਹੇ ਸਮੇਂ ਦੇ ਕਾਰਜਕਾਲ ਦੌਰਾਨ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਦਿੱਲੀ ਅਤੇ ਪੰਜਾਬ ਵਿੱਚ ਸਰਕਾਰਾਂ ਬਣਾ ਕੇ ਆਪ ਨੇ ਇਤਿਹਾਸਕ ਕਾਰਜ ਕੀਤੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੀਨੀਅਰ ਆਗੂ ਸਾਬਕਾ ਸਰਪੰਚ ਗੁਲਾਬ ਸਿੰਘ ਹਰਿਆਊ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਪ ਆਗੂ ਗੁਲਾਬ ਸਿੰਘ ਹਰਿਆਊ ਨੇ ਕਿਹਾ ਹੈ ਕਿ ਪਹਿਲਾਂ ਦਿੱਲੀ ਵਿੱਚ ਅਤੇ ਫਿਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਰਿਕਾਰਡ ਤੋੜ ਸੀਟਾਂ ਲੈ ਕੇ ਸਰਕਾਰਾਂ ਬਣਾਈਆਂ। ਦਿੱਲੀ ਵਿੱਚ ਲਗਾਤਾਰ ਤਿੰਨ ਵਾਰ ਬਣੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਭਲਾਈ ਲਈ ਕਾਰਜਸ਼ੀਲ ਹੈ ਅਤੇ ਲੋਕ ਭਲਾਈ ਦੇ ਆਪ ਸਰਕਾਰਾਂ ਵੱਲੋਂ ਕੀਤੇ ਗਏ ਕੰਮਾਂ ਉੱਤੇ ਲੋਕਾਂ ਨੇ ਮੋਹਰ ਲਗਾਈ ਹੈ। ਪੰਜਾਬ ਵਿੱਚ ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ ਕੀਤੇ ਜਾ ਰਹੇ ਕੰਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 600 ਯੂਨਿਟ ਬਿਜਲੀ ਮਾਫੀ, ਔਰਤਾਂ ਦਾ ਬੱਸ ਕਰਾਇਆ ਮਾਫ ਹੋਣਾ ਵੱਡੇ ਕੰਮ ਹਨ ਅਤੇ ਹੁਣ ਕਿਸਾਨਾਂ ਨੂੰ ਨਹਿਰੀ ਪਾਣੀ ਮੁਹਈਆ ਕਰਵਾਉਣ ਲਈ ਸੂਬਾ ਸਰਕਾਰ ਵੱਲੋਂ ਵੱਡਾ ਰੋਡ ਮੈਪ ਤਿਆਰ ਕਰਕੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਵਿਧਾਨ ਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਰਿਕਾਰਡ ਤੋੜ ਸੀਟਾਂ ਜਿੱਤ ਕੇ ਲਗਾਤਾਰ ਚੌਥੀ ਵਾਰ ਸਰਕਾਰ ਬਣਾਏਗੀ।

ਜਨਹਿੱਤ ਸੰਮਤੀ ਨੇ ਮੇਅਰ ਕੁੰਦਨ ਗੋਗੀਆ ਨੂੰ ਕੀਤਾ ਸਨਮਾਨਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ) ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਕੁੰਦਨ ਗੋਗੀਆ, ਮੇਅਰ ਪਟਿਆਲਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਲੋੜਵੰਦ 3 ਲੜਕੀਆਂ ਨੂੰ ਪੜ੍ਹਾਈ ਲਈ ਇੰਟਰਨੈੱਟ ਕੁਨੈਕਸ਼ਨ, ਵਿੱਦਿਆ ਮਿਤ੍ਰਮ ਸਕੀਮ ਅਧੀਨ ਦਿੱਤੇ ਗਏ, 6 ਪਰਵਾਰਾਂ ਨੂੰ ਰਾਸ਼ਨ, 2 ਲੜਕੀਆਂ ਨੂੰ ਕਾਲਜ ਦੀ ਫੀਸ ਤੇ 2 ਮਰੀਜਾਂ ਨੂੰ ਮੈਡੀਕਲ ਹੈਲਪ ਦਿੱਤੀ ਗਈ ਅਤੇ ਸਕੂਲ ਦੇ ਬੱਚਿਆਂ ਨੂੰ ਗਰਮ ਕੋਟੀਆਂ ਤੇ ਲੋੜਵੰਦਾਂ ਨੂੰ ਗਰਮ ਜੈਕਟਾਂ ਦਿੱਤੀਆਂ ਗਈਆਂ ।ਇਸ ਮੌਕੇ ਸੁਖਬੀਰ ਸਿੰਘ ਜੀ ਐਮ , ਰਾਜੇਸ਼ ਰੰਗੂਲਾ ਏ ਜੀ ਐਮ ਸਮਾਜ ਸੇਵਿਕਾ ਮੈਡਮ ਸਤਇੰਦਰਪਾਲ ਕੌਰ ਵਾਲੀਆ ਇੰਚਾਰਜ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ, ਅਮਨ ਸ਼ਰਮਾ, ਨੀਰਜ ਕੁਮਾਰ, ਮਨਦੀਪ ਸ਼ਰਮਾ, ਅਸ਼ੋਕ ਗੋਇਲ, ਰਾਮ ਲਾਲ ਟੰਡਨ, ਐਚ ਐਨ ਮੇਸ਼ਮਪੁਰੀ, ਐਡਵੋਕੇਟ ਕਿਰਤ ਮਿੱਤਲ, ਤਰਸੇਮ ਮਿੱਤਲ, ਪ੍ਰਕਾਸ਼ ਕੁਮਾਰ, ਵਰਿੰਦਰ ਅਹੁਲੂਵਾਲੀਆ, ਵਿਮਲ ਰੇਹਾਨ, ਸੁਰੇਸ਼ ਕੁਮਾਰ, ਪੀ ਕੇ ਜੈਨ, ਸਤੀਸ਼ ਜੋਸ਼ੀ, ਐਸ ਪੀ ਪਰਾਸ਼ਰ, ਡੀ ਪੀ ਸਿੰਘ ਨੇ ਸ਼ਿਰਕਤ ਕੀਤੀ। ਮੇਅਰ ਨੇ ਕਿਹਾ ਕਿ ਜਨਹਿੱਤ ਸੰਮਤੀ ਵਲੋਂ ਲੋੜਵੰਦ ਲੜਕੀ ਦੇ ਵਿਆਹ ਅਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਣਾ ਸ਼ਲਾਘਾਯੋਗ ਉਪਰਾਲਾ ਹੈ ਅਤੇ ਇਸ ਤੋਂ ਇਲਾਵਾ ਸੰਸਥਾ ਸ਼ਹਿਰ ਦੇ ਪਾਰਕਾਂ ਦੀ ਸਾਭ ਸੰਭਾਲ , ਲੋੜਵੰਦ ਪਰਵਾਰਾਂ ਨੂੰ ਰਾਸ਼ਨ, ਪੰਜ ਫਰੀ ਐਂਬੂਲੈਂਸ ਚਲਾਉਣ, ਰਾਜਿੰਦਰਾ ਹਸਪਤਾਲ ਵਿਚ ਰੀਜ਼ਾਂ ਲਈ ਵੀਲ੍ਹਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ ਦਾ ਪ੍ਰਬੰਧ ਕਰ ਰਹੀ ਹੈ ।ਸੰਮਤੀ ਦੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਹਰ ਸਮੇਂ ਲੋੜਵੰਦਾਂ ਦੀ ਮਦਦ ਲਈ ਦਿਨ-ਰਾਤ ਤਿਆਰ ਹੈ।

ਬਰ੍ਹੇ ਸਾਹਿਬ ਵਿਖੇ ਲਗਾਇਆ ਖ਼ੂਨਦਾਨ ਕੈਂਪ

ਬੁਢਲਾਡਾ, (ਅਸ਼ੋਕ ਲਾਕੜਾ)- ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਨੇੜਲੇ ਇਤਿਹਾਸਕ ਪਿੰਡ ਬਰ੍ਹੇ ਸਾਹਿਬ ਵਿਖੇ ਮਾਘ ਮਹੀਨੇ ਦੀ ਸੰਗਰਾਂਦ ਮੌਕੇ ਮੰਦਰ ਕਾ ਡੇਰਾ ਵਿਖੇ ਇੱਕ ਖ਼ੂਨਦਾਨ ਕੈਂਪ ਸਰਕਾਰੀ ਬਲੱਡ ਸੈਂਟਰ ਮਾਨਸਾ ਦੀ ਸਹਾਇਤਾ ਨ

16Jan-PAGE-11-Majha-2025-B.qxd 1/15/2025 11:26 PM Page 1

'ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਵਿੱਢੇ ਸਾਂਝੇ ਸੰਘਰਸ਼ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਵਿਸ਼ਾਲ ਏਕੇ ਦੀ ਜ਼ਰੂਰਤ'

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਦੀਆਂ ਕਾਪੀਆਂ ਨੂੰ ਤਹਿਸੀਲ ਕੰਪਲੈਕਸ ਵਿੱਚ ਇਕੱਠੇ ਹੋ ਕੇ ਸਾੜਿਆ ਗਿਆ।ਇਸਦੀ ਅਗਵਾਈ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਰੇਸ਼ਮ ਸਿੰਘ ਫੇਲੋਕੇ, ਆਜ਼ਾਦ ਸੰਘਰਸ਼ ਕਮੇਟੀ ਦੇ ਪਰਮਜੀਤ ਸਿੰਘ ਮਗਲਾਣੀ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂ ਹਰਪਾਲ ਸਿੰਘ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਸਲੱਖਣ ਸਿੰਘ ਤੁੜ, ਮਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਦੇ ਆਗੂ ਗੁਰਦਿਆਲ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਸੁਖਵਿੰਦਰ ਸਿੰਘ ਕੋਟ, ਕੁੱਲ ਹਿੰਦ ਕਿਸਾਨ ਸਭਾ ਦੇ ਬਲਦੇਵ ਸਿੰਘ ਧੂੰਦਾ, ਕੌਮੀ ਕਿਸਾਨ ਯੂਨੀਅਨ ਦੇ ਹਰਿੰਦਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਸਤਪਾਲ ਸਿੰਘ ਨੱਥੋਕੇ ਆਦਿ ਆਗੂਆਂ ਨੇ ਕੀਤੀ।ਇਸ ਮੌਕੇ ਬੋਲਦਿਆਂ ਮੁਖਤਾਰ ਸਿੰਘ ਮੱਲਾ, ਬਚਿੱਤਰ ਸਿੰਘ ਮੁਗਲਾਣੀ, ਬਲਵਿੰਦਰ ਸਿੰਘ ਜਲਾਲਾਬਾਦ, ਦਰਸ਼ਨ ਸਿੰਘ ਬਿਹਾਰੀਪੁਰ ਆਦਿ ਆਗੂਆਂ ਨੇ ਕਿਹਾ ਕਿ ਜਦੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਜਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ ਅਤੇ ਸਮੁੱਚੀਆਂ ਕਿਸਾਨ ਜਥੇਬੰਦੀਆਂ ਵੱਖ-ਵੱਖ ਰੂਪਾਂ ਵਿੱਚ ਕਿਸਾਨੀ ਮੰਗਾਂ ਲਈ ਸੰਘਰਸ਼ ਦੇ ਮੈਦਾਨ ਵਿੱਚ ਹਨ ਓਸੇ ਵਕਤ ਕੇਂਦਰ ਸਰਕਾਰ ਕਿਸਾਨੀ ਸੰਘਰਸ਼ ਦੇ ਦਬਾਅ ਵਿੱਚ ਵਾਪਸ ਲਏ ਤਿੰਨ ਕਾਲੇ ਕਨੂੰਨਾਂ ਨੂੰ ਚੋਰ ਦਰਵਾਜ਼ਿਓਂ ਲਿਆ ਕੇ ਲਾਗੂ ਕਰਨ ਦੇ ਰਾਹ ਪਈ ਹੈ।

ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਲੈ ਕੇ ਆਈ ਹੈ। ਇਸ ਨੂੰ ਰੱਦ ਕਰਵਾਉਣਾ ਬਹੁਤ ਜ਼ਰੂਰੀ ਹੈ ਇਸ ਲਈ ਵਿਸ਼ਾਲ ਏਕੇ ਦੀ ਜ਼ਰੂਰਤ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਸਪੈਸ਼ਲ ਅਸੰਬਲੀ ਦਾ ਇਜਲਾਸ ਕਰਕੇ ਰੱਦ ਕਰਨ ਅਤੇ ਕੇਂਦਰ ਸਰਕਾਰ ਨੂੰ ਕੌਮੀ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਗਬਹਾਦਰ ਸਿੰਘ ਤੁੜ, ਬਲਜੀਤ ਸਿੰਘ, ਨਰਿੰਦਰ ਸਿੰਘ, ਤੁੜ, ਸਰਬ ਭਾਰਤ ਨੌਜਵਾਨ ਸਭਾ ਦੇ ਗੁਰਚਰਨ ਸਿੰਘ ਕੰਡਾ, ਬਲਵਿੰਦਰ ਸਿੰਘ ਸ਼ੇਖਚੱਕ, ਸੁਖਵਿੰਦਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਡੀਸੀ ਨੇ ਗਣਤੰਤਰ ਦਿਵਸ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ, ਫੁੱਲ ਡਰੈੱਸ ਰਿਹਰਸਲ 24 ਨੂੰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਗਣਤੰਤਰ ਦਿਵਸ ਮਨਾਉਣ ਲਈ ਗੁਰੂ ਨਾਨਕ ਦੇਵ ਸਟੇਡੀਅਮ ਵਿਖੇ ਪਹੁੰਚ ਕੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿ ਇਹ ਰਾਸ਼ਟਰੀ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਸੋ ਸਾਰੇ ਅਧਿਕਾਰੀ ਆਪਣੀ ਡਿਊਟੀ ਪੂਰੇ ਜ਼ਿੰਮੇਵਾਰੀ ਨਾਲ ਨਿਭਾਉਣ।ਡੀਸੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਡਿਊਟੀਆਂ ਦੀ ਵੰਡ ਕੀਤੀ ਅਤੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਊਣਤਾਈ ਸਹਿਣਯੋਗ ਨਹੀਂ ਹੋਵੇਗੀ।ਉਨ੍ਹਾਂ ਦੱਸਿਆ ਕਿ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ।ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਦਾ ਸਨਮਾਨ ਕੀਤਾ ਜਾਵੇਗਾ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਵਾਲੇ ਸਥਾਨ 'ਤੇ ਸਾਫ-ਸਫਾਈ, ਪੀਣ ਵਾਲੇ ਪਾਣੀ ਆਦਿ ਦੇ ਪ੍ਰਬੰਧਾਂ ਤੋਂ ਇਲਾਵਾ ਸਿਹਤ ਵਿਭਾਗ ਵਲੋਂ ਮੈਡੀਕਲ ਟੀਮ ਤਾਇਨਾਤ ਕਰਨ ਦਾ ਪ੍ਰਬੰਧ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾਂ ਮਾਰਚ ਪਾਸਟ ਲਈ ਪੁਲਸ ਟੁਕੜੀਆਂ ਦਾ ਉਚੇਚਾ ਅਭਿਆਸ ਕਰਵਾਉਣ ਲਈ ਵੀ ਆਖਿਆ।ਉਨਾਂ ਦੱਸਿਆ ਕਿ ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਤਿਆਰ ਕੀਤੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ। ਮੀਟਿੰਗ ਵਿੱਚ ਕਮਿਸ਼ਨਰ ਕਾਰਪੋਰੇਸ਼ਨ ਗੁਲਪ੍ਰੀਤ ਸਿੰਘ ਔਲਖ, ਡੀਸੀਪੀ ਆਲਮ ਵਿਜੈ ਸਿੰਘ, ਏਡੀਸੀਪੀ ਹਰਕਮਲ ਕੌਰ, ਏਡੀਸੀ ਜੋਤੀ ਬਾਲਾ ਤੇ ਪਰਮਜੀਤ ਕੌਰ, ਸਹਾਇਕ ਕਮਿਸ਼ਨਰ ਗੁਰਸਿਮਰਨ ਕੌਰ, ਡੀਐੱਸਪੀ ਬਲਜਿੰਦਰ ਸਿੰਘ, ਡੀਡੀਪੀਓ ਸੰਦੀਪ ਮਲਹੋਤਰਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਸੰਯੁਕਤ ਕਿਸਾਨ ਮੋਰਚੇ ਨੇ ਸਾਝੀਆਂ ਖੇਤੀ ਮੰਡੀਕਰਨ ਕੌਮੀ ਨੀਤੀ ਖਰੜੇ ਦੀਆਂ ਕਾਪੀਆਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੰਯੁਕਤ ਕਿਸਾਨ ਮੋਰਚਾ (ਭਾਰਤ) ਦੇ ਫੈਸਲੇ ਮੁਤਾਬਕ ਸਾਰੇ ਦੇਸ਼ ਵਿੱਚ ਤਹਿਸੀਲ ਪੱਧਰ ਤੇ ਕੇਂਦਰ ਸਰਕਾਰ ਵੱਲੋਂ ਖੇਤੀ ਮੰਡੀਕਰਨ ਸਬੰਧੀ ਕੌਮੀ ਨੀਤੀ ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ। ਵੱਖ-ਵੱਖ ਜਥੇਬੰਦੀਆਂ ਦੇ ਕਿਸਾਨਾਂ ਵੱਲੋਂ ਗੁਰੂ ਨਾਨਕ ਪਾਰਕ ਵਿਖੇ ਇਕੱਤਰ ਹੋ ਕੇ ਜਲੂਸ ਦੀ ਸ਼ਕਲ ਵਿੱਚ ਸ਼ਹਿਰ ਵਿੱਚ ਮਾਰਚ ਕਰਨ ਉਪਰੰਤ ਡਾਕਖਾਨਾ ਚੌਕ ਵਿਖੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਇਸ ਕਿਸਾਨ ਵਿਰੋਧੀ ਮੰਡੀਕਰਨ ਨੀਤੀ ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਰੋਸ ਮਾਰਚ ਦੀ ਪ੍ਰਧਾਨਗੀ ਮੱਖਣ ਸਿੰਘ ਕੁਹਾੜ, ਗੁਰਮੁਖ ਸਿੰਘ ਖਹਿਰਾ, ਤਰਲੋਕ ਸਿੰਘ ਬਹਿਰਾਮਪੁਰ, ਮੰਗਤ ਸਿੰਘ ਜੀਵਨ ਚੱਕ, ਸੁਖਦੇਵ ਸਿੰਘ ਭਾਗੋਕਾਵਾਂ ਅਤੇ ਗੁਰਦੀਪ ਸਿੰਘ ਮੁਸਤਫਾਬਾਦ ਆਦਿ ਨੇ ਸਾਂਝੇ ਤੌਰ 'ਤੇ ਕੀਤੀ।ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਰਘਬੀਰ ਸਿੰਘ ਚਾਹਲ, ਦਲੀਪ ਸਿੰਘ ਲੰਬੜਦਾਰ, ਬਲਬੀਰ ਸਿੰਘ ਉੱਚਾ ਧਕਾਲਾ, ਬਲਬੀਰ ਸਿੰਘ ਬੈਸ, ਚੰਨਣ ਸਿੰਘ ਦੋਰਾਂਗਲਾ, ਜਗੀਰ ਸਿੰਘ ਸਲਾਚ, ਧਿਆਨ ਸਿੰਘ ਠਾਕੁਰ, ਗੁਰਪ੍ਰਤਾਪ ਸਿੰਘ ਪੁਰਾਣਾਸ਼ਾਲਾ ਆਦਿ ਨੇ ਆਖਿਆ ਕਿ ਇਸ ਮੰਡੀਕਰਨ ਸਬੰਧੀ ਕੌਮੀ ਨੀਤੀ ਰਾਹੀਂ ਕੇਂਦਰ ਸਰਕਾਰ ਨੇ ਫਿਰ ਤੋਂ ਉਹੀ ਕਾਲੇ ਕਾਨੂੰਨ ਨਵੇਂ ਰੂਪ ਵਿੱਚ ਲੈ ਆਂਦੇ ਹਨ ਜੋ ਦਿੱਲੀ ਦਿਆਂ ਬਾਰਡਰਾਂ 'ਤੇ ਇਕੱਤਰ ਹੋ ਕੇ ਲੰਮੀ ਜੱਦੋਜਹਿਦ ਬਾਅਦ 2021 ਵਿੱਚ ਸੰਯੁਕਤ ਕਿਸਾਨ ਮੋਰਚੇ ਨੇ ਰੱਦ ਕਰਵਾਏ ਸਨ।ਕੇਂਦਰ ਸਰਕਾਰ ਅਜਿਹਾ ਕਰਕੇ ਪੰਜਾਬ ਦੇ ਸਰਬਉਤਮ ਮੰਡੀਕਰਨ ਢਾਂਚੇ ਨੂੰ ਖਤਮ ਕਰਨਾ ਚਾਹੁੰਦੀ ਹੈ ਅਤੇ ਅਨਾਜ ਦੀ ਖਰੀਦ ਨੂੰ ਨਿੱਜੀ ਹੱਥਾਂ ਵਿੱਚ ਦੇਣਾ ਚਾਹੁੰਦੀ ਹੈ।ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਖੇਤੀ ਨੂੰ ਹੋਰ ਵੀ ਘਾਟੇਵੰਦਾ ਧੰਦਾ ਬਣਾ ਕੇ ਕਿਸਾਨਾਂ ਤੋਂ ਜ਼ਮੀਨ ਖੋਹ ਕੇ ਕਾਰਪੋਰੇਟ ਸੈਕਟਰ ਨੂੰ ਦੇਣਾ ਚਾਹੁੰਦੀ ਹੈ।ਸੰਯੁਕਤ ਕਿਸਾਨ ਮੋਰਚਾ ਮੋਦੀ ਸਰਕਾਰ ਦੀ ਇਸ ਚਾਲ ਨੂੰ ਕਦਾਚਿਤ ਵੀ ਸਫਲ ਨਹੀਂ ਹੋਣ ਦੇਵੇਗਾ।ਆਗੂਆਂ ਨੇ ਮੰਗ ਕੀਤੀ ਕਿ ਐੱਮਐੱਸਪੀ ਦਾ ਕਾਨੂੰਨ ਬਣਾਇਆ ਜਾਵੇ ਅਤੇ ਐੱਸਕੇਐੱਮ ਦੀਆਂ ਬਾਕੀ ਮੰਗਾਂ ਵੀ ਤੁਰੰਤ ਮੰਨੀਆਂ ਜਾਣ ਵਰਨਾ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਇਸ ਮੌਕੇ ਮਜ਼ਦੂਰ ਕਿਸਾਨ ਆਗੂ ਸ਼ਿਵ ਕੁਮਾਰ, ਕੁਲਜੀਤ ਸਿੰਘ ਸਿੱਧਵਾਂ ਜਮੀਤਾ, ਪਲਵਿੰਦਰ ਸਿੰਘ ਘਰਾਲਾ, ਡਾ. ਬਲਬੀਰ ਸਿੰਘ ਪੀਰਾਬਾਗ, ਕੁਲਵੰਤ ਸਿੰਘ ਬਾਠ, ਮਲਕੀਅਤ ਸਿੰਘ ਬੁੱਢਾਕੋਟ, ਗੁਰਦੀਪ ਸਿੰਘ ਬਾਠਾਂ ਵਾਲਾ ਆਦਿ ਆਗੂ ਵੀ ਹਾਜ਼ਰ ਸਨ।

ਨਿਊਜ਼ ਰੀਡਰ ਤੇ ਅਦਾਕਾਰ ਅਰਵਿੰਦਰ ਭੱਟੀ ਨੂੰ ਸਦਮਾ, ਮਾਤਾ ਦਾ ਦਿਹਾਂਤ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਦੂਰਦਰਸ਼ਨ ਦੇ ਪ੍ਰਮੁੱਖ ਨਿਊਜ਼ ਰੀਡਰ ਅਤੇ ਅਦਾਕਾਰ ਅਰਵਿੰਦਰ ਸਿੰਘ ਭੱਟੀ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਤ ਮਾਤਾ ਗੁਰਦੀਸ਼ ਕੌਰ ਭੱਟੀ ਅਕਾਲ ਚਲਾਣਾ ਕਰ ਗਏ। ਉਹ 82 ਵਰ੍ਹਿਆਂ ਦੇ ਸਨ। ਉਨ੍ਹਾਂ ਦੀ ਸਿਹਤ ਪਿਛਲੇ ਕੁਝ ਦਿਨਾਂ ਤੋਂ ਢਿੱਲੀ ਮੱਠੀ ਸੀ। ਬੀਤੀ ਰਾਤ ਉਨ੍ਹਾਂ ਆਪਣੇ ਜੱਦੀ ਘਰ ਅੰਤਿਮ ਸਵਾਸ ਲਏ। ਮਾਤਾ ਦਾ ਅੰਤਿਮ ਸੰਸਕਾਰ ਅੱਜ ਗੁਰਦਵਾਰਾ ਸ਼ਹੀਦਾਂ ਸਾਹਬ ਨੇੜਲੇ ਸਮਸ਼ਾਨ ਘਾਟ ਵਿਖੇ ਸੇਜਲ ਅੱਖਾਂ ਨਾਲ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਅਰਵਿੰਦਰ ਸਿੰਘ ਭੱਟੀ ਵੱਲੋਂ ਵਿਖਾਈ ਗਈ। ਇਸ ਮੌਕੇ ਕੇਂਦਰੀ ਸਭਾ ਵਲੋਂ ਦੀਪ ਦੇਵਿੰਦਰ ਸਿੰਘ, ਹਰਿੰਦਰ ਸੋਹਲ, ਡਾ. ਰਜਿੰਦਰ ਰਿਖੀ, ਪ੍ਰਤੀਕ ਸਹਿਦੇਵ, ਦਲਜੀਤ ਸਿੰਘ ਅਰੋੜਾ, ਐਡਵੋਕੇਟ ਵਿਪਨ ਢੰਡ, ਐਡਵੋਕੇਟ ਇੰਦਰਜੀਤ ਸਿੰਘ ਅੜੀ, ਐਡਵੋਕੇਟ ਮੋਹਿਤ ਸਹਿਦੇਵ, ਗਾਇਕ ਤ੍ਰਿਲੋਚਨ ਸਿੰਘ, ਸ਼ਿਵਰਾਜ ਸਿੰਘ ਅਤੇ ਕੰਵਲਜੀਤ ਸਿੰਘ ਵਾਲੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਾਜਸੀ, ਕਲਾਕਾਰ ਅਤੇ ਵਕੀਲ ਭਾਈਚਾਰੇ ਦੇ ਲੋਕ ਹਾਜ਼ਰ ਸਨ। ਅਰਵਿੰਦਰ ਸਿੰਘ ਭੱਟੀ ਹੁਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਾਤਾ ਜੀ ਨਮਿਤ ਵੈਰਾਗਮਈ ਕੀਰਤਨ ਅਤੇ ਅੰਤਿਮ ਅਰਦਾਸ 21 ਜਨਵਰੀ ਮੰਗਲਵਾਰ ਦੁਪਹਿਰ 1 ਵਜੇ ਤੋਂ 2 ਵਜੇ ਤਕ ਗੁਰਦਵਾਰਾ ਛੇਵੀਂ ਪਾਤਸ਼ਾਹੀ ਰਣਜੀਤ ਐਵੀਨਿਊ ਵਿਖੇ ਹੋਵੇਗੀ।

ਪਾਬੰਦੀਆਂ ਦੇ ਬਾਵਜੂਦ ਪੜੱਲੇ ਨਾਲ ਵਿਕੀ ਚਾਈਨਾ ਡੋਰ: ਲਾਲਕਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਹਲਕਾ ਮਜੀਠਾ ਦੇ ਇਨਚਾਰਜ ਫਤਿਹਪਾਲ ਸਿੰਘ ਲਾਲਕਾ ਭੀਲੋਵਾਲ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਪਤੰਗਬਾਜ਼ੀ ਦੇ ਸ਼ੌਕੀਨ ਲੋਕ ਪਾਬੰਦੀਸ਼ੁਦਾ ਚਾਈਨਾ ਡੋਰ ਦੀ ਭੁੱਲ ਕੇ ਵੀ ਵਰਤੋਂ ਨਾ ਕਰਨ, ਸਗੋਂ ਚਾਈਨਾ ਡੋਰ ਦੀ ਵਰਤੋਂ ਕਰਨ ਤੋਂ ਪਰਹੇਜ਼ ਕੀਤਾ ਜਾਵੇ।ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਪਾਬੰਦੀਸ਼ੁਦਾ ਚਾਈਨਾ ਡੋਰ ਪਸ਼ੂ, ਪੰਛੀਆਂ ਅਤੇ ਮਨੁੱਖਾਂ ਲਈ ਬੇਹੱਦ ਨੁਕਸਾਨਦਾਇਕ ਹੈ। ਪ੍ਰਸ਼ਾਸਨ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਸਖ਼ਤ ਅਤੇ ਕਾਨੂੰਨੀ ਕਾਰਵਾਈ ਕਰੇ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਨੂੰ ਰੋਕਣ ਵਿੱਚ ਅਸਫਲ ਰਿਹਾ ਹੈ ਅਤੇ ਇਹ ਖੁਲ੍ਹੀ ਡੋਰ ਸ਼ਰੇਆਮ ਪਿੰਡਾਂ ਵਿੱਚ ਵਿਕੀ ਹੈ ਤੇ ਪਤੰਗਾਂ ਵੀ ਉਡੀਆਂ ਹਨ ਪਰ ਪ੍ਰਸ਼ਾਸਨ ਝੂਠੇ ਦਾਅਵੇ ਕਰ ਰਿਹਾ ਹੈ ਕਿ ਅਸੀਂ ਚਾਈਨਾ ਡੋਰ ਨੂੰ ਵੇਚਣ ਤੋਂ ਰੋਕਣ ਵਿੱਚ ਕਾਮਯਾਬ ਹੋਏ ਹਾਂ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ 90% ਤੋਂ ਵੱਧ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਹੋਈ ਹੈ। ਇਸ ਲਈ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਜੋ ਅਸਲੀਅਤ ਹੈ ਉਹ ਲੋਕਾਂ ਵਿੱਚ ਰੱਖੇ ਅਤੇ ਲੋਕਾਂ ਨੂੰ ਇਸ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕਰਨ।

ਗੋਲੇਵਾਲਾ 'ਚ ਹੋਈ ਬੇਅਦਬੀ ਦੀ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਗੋਲੇਵਾਲਾ 'ਚ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਚ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਜੀਵਨ ਦਾ ਰਾਹ ਦਰਸਾਉਣ ਵਾਲੀ ਗੁਰਬਾਣੀ ਦੀ ਬੇਅਦਬੀ ਦੀਆਂ ਅਜਿਹੀਆਂ ਘਟਨਾਵਾਂ ਵਾਪਰਨ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਬਾਣੀ ਦੀ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਹੋਣਾ ਜ਼ਰੂਰੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ 'ਤੇ ਰੋਕ ਲਗ ਸਕੇ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨਾ ਹੋਣ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਹੋਰ ਵੱਧ ਰਹੇ ਹਨ। ਉਨ੍ਹਾਂ ਮੰਗ ਕੀਤੀ ਕੇ ਬੇਅਦਬੀ ਦੇ ਦੋਸ਼ੀਆਂ ਦਾ ਪਤਾ ਲਗਾ ਕੇ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿਚ ਰੱਖੇ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦਾ ਪੂਰਨ ਸਤਿਕਾਰ ਅਤੇ ਸੰਭਾਲ ਕਰਨ।

ਗ੍ਰਾਮ ਸੁਧਾਰ ਸਭਾ ਬਹਿਰਾਮਪੁਰ ਦਾ ਵਫ਼ਦ ਜੰਗਲਾਤ ਵਿਭਾਗ ਦੇ ਐੱਸਡੀਓ ਨੂੰ ਮਿਲਿਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਗ੍ਰਾਮ ਸੁਧਾਰ ਸਭਾ ਬਹਿਰਾਮਪੁਰ ਦਾ ਇੱਕ ਵਫ਼ਦ ਵਿਜੇ ਸਲਾਰੀਆ ਦੀ ਪ੍ਰਧਾਨਗੀ ਹੇਠ ਜੰਗਲਾਤ ਵਿਭਾਗ ਗੁਰਦਾਸਪੁਰ ਦੇ ਐੱਸ. ਡੀ. ਓ. ਅਟਲ ਮਹਾਜਨ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਿਆ ਅਤੇ ਦੱਸਿਆ ਕਿ ਸੜਕਾਂ ਦੇ ਕਿਨਾਰੇ ਸਰਕਾਰੀ ਜ਼ਮੀਨਾਂ 'ਤੇ ਉੱਗੇ ਦਰੱਖਤ ਜਿਨ੍ਹਾਂ ਵਿੱਚੋਂ ਕਈ ਸੁੱਕ ਚੁੱਕੇ ਹਨ ਅਤੇ ਕਈ ਟੇਢੇ-ਮੇਢੇ ਹਨ ਜੋ ਕਿਸੇ ਵੇਲੇ ਵੀ ਵਰਖਾ ਝੱਖੜ 'ਚ ਡਿੱਗ ਕੇ ਜਾਨੀ ਮਾਲੀ ਨੁਕਸਾਨ

16-Jan-PAGE-12.qxd 1/15/2025 11:25 PM Page 1

ਸ੍ਰੀਮਤੀ ਸੋਨੀਆ ਗੁਪਤਾ ਨੂੰ ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਣਨ 'ਤੇ ਵਧਾਈਆਂ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਕ੍ਰਿਸ਼ਨ ਗਰਗ , ਬਲਵਿੰਦਰ ਗਰਗ , ਜੋਨੀ ਗਰਗ, ਰਣਦੀਪ ਗਰਗ ਕਾਲਾ , ਟੋਨੀ ਗਰਗ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਰਾਜੀਵ ਕੁਮਾਰ ਮਿੱਤਲ ਰਿੰਕੂ, ਅਜੈ ਕੁਮਾਰ ਮਿੱਤਲ ਬਿੱਟੂ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਕਮਲ ਕਿਸ਼ੋਰ ਗਰਗ , ਲਖਵਿੰਦਰ ਕੁਮਾਰ ਗਰਗ ਲੱਖਾ ਕੁਨਾਲ ਗਰਗ , ਸੰਚਿਤ ਗਰਗ, ਦੀਕਸ਼ਤ ਗਰਗ
ਗਰਗ ਰਾਈਸ ਐਂਡ ਜਨਰਲ ਮਿੱਲ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਰਾਜ ਕੁਮਾਰ ਗਰਗ , ਮਦਨ ਗੋਪਾਲ ਗਰਗ, ਰੋਹਿਤ ਗਰਗ ਕਾਕਾ
ਰਾਜ ਕੁਮਾਰ ਗਰਗ ਐਂਡ ਕੰਪਨੀ ਸੁਭਾਸ਼ ਮੰਡੀ, ਬਾਘਾ ਪੁਰਾਣਾ ।

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਪਰਮਜੀਤ ਸਿੰਘ ਪੰਮਾ ਗਰੀਨ ਵਾਲੇ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਗੁਰਪੀਤ ਸਿੰਘ ਗੋਰਾ , ਬੱਬੂ ਚੱਢਾ ਗੁਰਪ੍ਰੀਤ ਗੋਪੀ , ਸ਼ਵਿੰਦਰ ਸਿੰਘ ਹੈਪੀ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਅਤੇ
ਵਾਰਡ ਨੰ 10 ਤੋਂ ਤਰੁਣ ਮਿੱਤਲ ਨੂੰ ਐਮ.ਸੀ ਬਨਾਉਣ ਤੇ ਹਲਕਾ ਵਧਾਇਕ ਅਤੇ ਸਮੂਹ ਸੀਨੀਅਰ ਲੀਡਰਸ਼ਿਪ ਦਾ
ਕੋਟਿਨ-ਕੋਟਿ ਧੰਨਵਾਦ
ਸੋਨੀਆ ਗੁਪਤਾ ਪਵਨ ਗੁਪਤਾ
ਵੱਲੋਂ: ਜੀ.ਐਮ. ਟਰਾਂਸਪੋਰਟ ਬਾਘਾ ਪੁਰਾਣਾ
ਤਰੁਣ ਮਿੱਤਲ ਐਮ.ਸੀ

ਅੰਮ੍ਰਿਤਪਾਲ ਸਿੰਘ ਐਮ.ਐਲ.ਏ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ
ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਣ ਤੇ
ਰਣਜੀਤ ਸਿੰਘ ਟੀਟੂ ਨੂੰ ਉਪ ਪ੍ਰਧਾਨ ਬਨਣ ਤੇ
ਸਮੂਹ ਸ਼ਹਿਰ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੋਨੀਆ ਗੁਪਤਾ
ਗੌਰਵ ਖੁਰਾਣਾ ਬਲਾਕ ਪ੍ਰਧਾਨ
(ਅੰਕਲ ਓਮ & ਮਾਤੂ ਸ੍ਰੀ ਦਸਤਾਰ ਵਾਲੇ)

ਸੋਨੀਆ ਗੁਪਤਾ ਪਵਨ ਗੁਪਤਾ
ਸ੍ਰੀਮਤੀ ਸੋਨੀਆ ਗੁਪਤਾ
ਧਰਮ ਪਤਨੀ ਸ੍ਰੀ ਪਵਨ ਗੁਪਤਾ ਜੀ ਨੂੰ ਨਗਰ ਕੌਂਸਲ ਬਾਘਾ ਪੁਰਾਣਾ ਦਾ ਪ੍ਰਧਾਨ ਬਨਾਉਣ ਲਈ ਹਲਕਾ ਵਧਾਇਕ
ਸ. ਅੰਮ੍ਰਿਤਪਾਲ ਸਿੰਘ ਸੁਖਾਨੰਦ ਜੀ ਦਾ
ਕੋਟਿਨ-ਕੋਟਿ ਧੰਨਵਾਦ
ਵੱਲੋਂ : ਰਮਨ ਗੁਪਤਾ , ਮਨੀਸ਼ ਗੁਪਤਾ , ਦੀਵਾਸ਼ ਗੁਪਤਾ ,ਆਰਵ ਗੁਪਤਾ

ਜਨਮ ਦਿਨ ਮੁਬਾਰਕ

ਕੰਵਰ ਪ੍ਰਤਾਪ ਸਿੰਘ, ਮਲੋਟ

ਕਾਇਰਾ, ਮਲੋਟ

ਕਾਇਨਾਤ, ਮਲੋਟ

ਵਰ੍ਹੇਗੰਢ ਮੁਬਾਰਕ

ਕੁਲਜੀਤ ਸਿੰਘ ਚਾਹਲ ਅਤੇ ਰਵਦੀਪ ਕੌਰ ਚਾਹਲ ਵਾਸੀ ਬਖ਼ਤਪੁਰ ਨੇ ਆਪਣੇ ਵਿਆਹ ਦੀ 5ਵੀਂ ਵਰ੍ਹੇਗੰਢ ਮਨਾਈ।

ਤਰਕਸ਼ੀਲ ਸੁਸਾਇਟੀ ਨੇ ਕੀਤਾ ਨਵੇਂ ਸਾਲ ਦਾ ਕੈਲੰਡਰ ਜਾਰੀ

ਬੰਗਾ (ਅਵਤਾਰ ਕਲੇਰ)

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਜੋਨ ਨਵਾਂਸ਼ਹਿਰ ਦੀ ਮੀਟਿੰਗ ਜੋਨ ਦੇ ਜਥੇਬੰਦਕ ਮੁਖੀ ਸੱਤਪਾਲ ਸਲੋਹ ਦੀ ਪ੍ਰਧਾਨਗੀ ਹੇਠ ਸਲੋਹ ਵਿਖੇ ਹੋਈ।ਸਭ ਤੋਂ ਪਹਿਲਾਂ ਸੁਸਾਇਟੀ ਦੇ ਬੁਲਾਰਾ ਤਰਕਸ਼ੀਲ ਮੈਗਜ਼ੀਨ ਦੀ ਵੰਡ ਇਕਾਈਆਂ ਦੇ ਜਥੇਬੰਦਕ ਮੁਖੀਆਂ ਨੂੰ ਕੀਤੀ ਗਈ ਅਤੇ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਗਿਆ। ਸੱਭਿਆਚਾਰ ਵਿਭਾਗ ਪੰਜਾਬ ਦੇ ਮੁਖੀ ਜੋਗਿੰਦਰ ਕੁੱਲੇਵਾਲ ਨੇ ਸੂਬਾ ਕਮੇਟੀ ਦੀ ਮੀਟਿੰਗ 'ਚ ਲਏ ਫੈਸਲਿਆਂ ਸਬੰਧੀ ਜਾਣਕਾਰੀ ਦਿੱਤੀ। ਉਹਨਾਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਪਹਿਲੇ ਸਥਾਨਾਂ 'ਤੇ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਰਵਾਏ ਗਏ ਸੂਬਾ ਪੱਧਰੀ ਇਨਾਮ ਵੰਡ ਸਮਾਗਮ ਬਾਬਤ ਵੀ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਸੂਬਾ ਪੱਧਰ ਤੇ ਜੋਨਾਂ ਦੇ ਸਨਮਾਨ ਵਿੱਚ ਜੋਨ ਨਵਾਂਸ਼ਹਿਰ ਦੀ ਇਕਾਈ ਗੜ੍ਹਸ਼ੰਕਰ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਜੋਨ ਮੀਡੀਆ ਮੁਖੀ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਦੱਸਿਆ ਕਿ ਪਿਛਲੇ ਦਿਨੀਂ ਕੁੱਲੇਵਾਲ ਵਿਖੇ ਜੋਨ ਨਵਾਂਸ਼ਹਿਰ ਵੱਲੋਂ ਕਰਵਾਈ ਪਰਵਾਰਕ ਮਿਲਣੀ, ਛਿਮਾਹੀ ਇਕੱਤਰਤਾ ਅਤੇ ਪੁਸਤਕ 'ਅੰਧਵਿਸ਼ਵਾਸਾਂ ਦਾ ਜੂੜ ਕਿਵੇਂ ਵੱਢੀਏ' ਗੋਸ਼ਟੀ ਸੰਬੰਧੀ ਰੀਵਿਊ ਕੀਤਾ ਗਿਆ। ਇਸ ਸਮਾਗਮ ਨੂੰ ਸਾਰੇ ਸਾਥੀਆਂ ਵੱਲੋਂ ਸਫਲ ਐਲਾਨਿਆ ਗਿਆ।ਇਸ ਸਮਾਗਮ ਵਿੱਚ ਬੁਲਾਰੇ ਸੂਬਾ ਮੀਡੀਆ ਮੁਖੀ ਸੁਮੀਤ ਸਿੰਘ ਅੰਮ੍ਰਿਤਸਰ ਵਲੋਂ ਦਿੱਤੀ ਜਾਣਕਾਰੀ ਵੀ ਲਾਜਵਾਬ ਸੀ। ਇਸ ਤੋਂ ਉਪਰੰਤ ਚੇਤਨਾ ਪਰਖ ਪ੍ਰੀਖਿਆ ਦਾ ਰੀਵਿਊ ਕੀਤਾ। ਜੋਨ ਪੱਧਰੀ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਇਨਾਮ ਅਤੇ ਸਨਮਾਨ ਪੱਤਰ ਇਕਾਈਆਂ ਨੂੰ ਸੌਂਪੇ ਗਏ। ਹਿਸਾਬ ਕਿਤਾਬ ਕੀਤਾ ਗਿਆ। ਇਸ ਮੌਕੇ ਜੋਨ ਵਿੱਤ ਸਕੱਤਰ ਸੁਖਵਿੰਦਰ ਗੋਗਾ, ਰੂਬੀ ਬੰਗਾ, ਬਲਵਿੰਦਰ ਕੌਰ ਸਲੋਹ, ਸਿੰਮੀ ਸਲੋਹ ਬਲਜਿੰਦਰ ਸਵਾਜਪੁਰ, ਮਾਸਟਰ ਨਰੇਸ਼ ਗੜ੍ਹਸ਼ੰਕਰ, ਮਾ. ਰਾਮਪਾਲ ਰਾਹੋਂ ਆਦਿ ਹਾਜ਼ਰ ਸਨ।

ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀ ਨੇ ਜੂਡੋ 'ਚੋਂ ਜਿੱਤਿਆ ਸੋਨ ਤਮਗਾ

ਜਲੰਧਰ (ਸ਼ੈਲੀ ਐਲਬਰਟ)

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਬੀ.ਏ. ਦੇ ਵਿਦਿਆਰਥੀ ਰੋਹਿਤ ਨੇ ਕਾਲਜ ਦਾ ਨਾਂਅ ਰੌਸ਼ਨ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਆਯੋਜਿਤ ਜੂਡੋ ਦੇ ਅੰਤਰ ਕਾਲਜ ਮੁਕਾਬਲੇ ਵਿਚੋਂ ਸੋਨ ਤਮਗਾ ਜਿੱਤਿਆ। ਇਸ ਤੋਂ ਇਲਾਵਾ ਇਸ ਖਿਡਾਰੀ ਵਿਦਿਆਰਥੀ ਨੇ ਮਾਨਸਾ ਵਿਖੇ ਆਯੋਜਿਤ 'ਖੇਡਾਂ ਵਤਨ ਪੰਜਾਬ ਦੀਆਂ' ਵਿਚ ਸੋਨ ਤਮਗਾ ਅਤੇ ਸੀਨੀਅਰ ਸਟੇਟ ਮੁਕਾਬਲੇ ਵਿਚੋਂ ਸਿਲਵਰ ਮੈਡਲ ਜਿੱਤਿਆ।ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਵਲੋਂ ਵਿਦਿਆਰਥੀ ਰੋਹਿਤ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਜੇਤੂ ਖਿਡਾਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਗਵਰਨਿੰਗ ਕੌਂਸਲ ਹਮੇਸ਼ਾਂ ਹੀ ਅਜਿਹੇ ਵਿਦਿਆਰਥੀਆਂ ਨੂੰ ਉੱਚਤਮ ਖੇਡ ਸਹੂਲਤਾਂ ਦੇਣ ਲਈ ਪ੍ਰਤੀਬੱਧ ਹੈ।ਉਨ੍ਹਾਂ ਵਿਦਿਆਰਥੀ ਦੇ ਨਾਲ-ਨਾਲ ਕਾਲਜ ਦੇ ਖੇਡ ਵਿਭਾਗ ਨੂੰ ਵੀ ਵਧਾਈ ਦਿੱਤੀ। ਡਾ. ਰਛਪਾਲ ਸਿੰਘ ਸੰਧੂ, ਡੀਨ ਸਪੋਰਟਸ ਨੇ ਕਿਹਾ ਕਿ ਸਾਡਾ ਮੰਤਵ ਚੰਗੇ ਖਿਡਾਰੀ ਪੈਦਾ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਜੀਵਨ ਸੇਧ ਦੇਣਾ ਵੀ ਹੈ ਤਾਂ ਕਿ ਉਹ ਚੰਗੇ ਖਿਡਾਰੀ ਹੋਣ ਦੇ ਨਾਲ-ਨਾਲ ਚੰਗੇ ਨਾਗਰਿਕ ਵੀ ਬਣਨ ਅਤੇ ਕਾਲਜ ਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਇਸ ਮੌਕੇ ਜਗਦੀਸ਼ ਸਿੰਘ ਅਤੇ ਸ੍ਰੀ ਅੰਮ੍ਰਿਤ ਲਾਲ ਸੈਣੀ ਵੀ ਹਾਜ਼ਰ ਸਨ।

ਲੋਹੜੀ ਦਾ ਤਿਉਹਾਰ ਮਨਾਇਆ

ਲੋਹੀਆਂ ਖਾਸ, (ਯੋਗੇਸ਼ਵਰ)- ਬੀ.ਕੇ ਇੰਟਰਨੈਸ਼ਨਲ ਕੌਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੈਂਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ ਲੋਹੜੀ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਲੋਹੜੀ ਦੇ ਅਲਾਵ ਦੀ ਪੂਜਾ ਕਰਕੇ ਲੋਹੜੀ ਨਾਲ ਸੰਬੰਧਿਤ ਗੀਤਾਂ 'ਤੇ ਭੰਗੜਾ, ਗਿੱਧਾ ਪਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਸਕੂਲ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਅਤੇ ਸਾਰੇ ਸਟਾਫ ਨੂੰ ਮੂੰਗਫਲੀ, ਰੇਵੜੀ ਆਦਿ ਵੰਡ ਕੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਪਰਮਾਤਮਾ ਅੱਗੇ ਸਭ ਲਈ ਖੁਸ਼ੀਆਂ ਦੀ ਅਰਦਾਸ ਕੀਤੀ ਗਈ।

ਸੀਟੀ ਗਰੁੱਪ ਨੇ ਮਨਾਇਆ ਲੋਹੜੀ ਦਾ ਤਿਉਹਾਰ

ਜਲੰਧਰ (ਸ਼ੈਲੀ ਐਲਬਰਟ)-ਸਾਰੇ ਸੀਟੀ ਗਰੁੱਪ ਕੈਂਪਸਾਂ ਵਿੱਚ ਲੋਹੜੀ ਬਹੁਤ ਜੋਸ਼ ਅਤੇ ਉਤਸ਼ਾਹ ਨਾਲ ਮਨਾਈ ਗਈ, ਜਿਸ ਵਿੱਚ ਸ਼ਾਹਪੁਰ ਅਤੇ ਮਕਸੂਦਾਂ ਕੈਂਪਸ, ਸੀਟੀ ਵਰਲਡ ਸਕੂਲ, ਸੀਟੀ ਸਨਸ਼ਾਈਨ ਕਿੰਡਰਗਾਰਟਨ ਅਤੇ ਸੀਟੀ ਪਬਲਿਕ ਸਕੂਲ ਸ਼ਾਮਲ ਹਨ। ਇਹ ਜਸ਼ਨ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਅਸਲ ਤੱਤ ਨੂੰ ਦਰਸਾਉਂਦੇ ਹਨ ਅਤੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਤਿਉਹਾਰ ਦੀ ਖੁਸ਼ੀ ਦੀ ਭਾਵਨਾ ਨੂੰ ਅਪਣਾਉਣ ਲਈ ਇਕੱਠੇ ਕਰਦੇ ਹਨ।ਜਸ਼ਨਾਂ ਦੀ ਸ਼ੁਰੂਆਤ ਰਵਾਇਤੀ ਲੋਹੜੀ ਦੀਆਂ ਰਸਮਾਂ ਨਾਲ ਹੋਈ। ਭੰਗੜਾ ਅਤੇ ਸ਼ਾਨਦਾਰ ਗਿੱਧਾ ਵਰਗੇ ਜੀਵੰਤ ਸੱਭਿਆਚਾਰਕ ਪ੍ਰਦਰਸ਼ਨ ਜਸ਼ਨਾਂ ਦਾ ਮੁੱਖ ਆਕਰਸ਼ਣ ਬਣੇ। ਇਸ ਮੌਕੇ ਬੋਲਦਿਆਂ, ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਕਿਹਾ, ਸਾਡੇ ਕੈਂਪਸਾਂ ਵਿੱਚ ਲੋਹੜੀ ਮਨਾਉਣਾ ਸਾਡੀਆਂ ਪਰੰਪਰਾਵਾਂ ਦਾ ਸਨਮਾਨ ਕਰਨ ਅਤੇ ਸਾਡੇ ਭਾਈਚਾਰੇ ਅੰਦਰ ਏਕਤਾ ਨੂੰ ਉਤਸ਼ਾਹਿਤ ਕਰਨ ਦਾ ਇੱਕ ਸੁੰਦਰ ਤਰੀਕਾ ਹੈ।

ਪੰਜਾਬ ਕਲਾ ਮੰਚ ਨੇ ਆਂਗਨਵਾੜੀ ਸੈਂਟਰ 'ਚ ਨਵ ਜੰਮੀਆਂ ਧੀਆਂ ਦੀ ਲੋਹੜੀ ਮਨਾਈ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)

ਪੰਜਾਬ ਕਲਾ ਮੰਚ ਚਮਕੌਰ ਸਾਹਿਬ ਵੱਲੋਂ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਇੰਦਰਾ ਕਲੋਨੀ ਦੇ ਆਂਗਨਵਾੜੀ ਸੈਂਟਰ ਨੰਬਰ ਪੰਜ ਵਿੱਚ ਅੱਠ ਨਵ ਜੰਮੀ ਧੀਆਂ ਦੀ ਪਹਿਲੀ ਲੋਹੜੀ ਧੂਮ ਧਾਮ ਨਾਲ ਮਨਾਈ। ਲੋਹੜੀ ਬਾਲਣ ਦੀ ਰਸਮ ਸਟੇਟ ਬੈਂਕ ਆਫ ਪਟਿਆਲਾ ਦੇ ਸਾਬਕਾ ਡਾਇਰੈਕਟਰ ਦਵਿੰਦਰ ਸਿੰਘ ਜਟਾਣਾ ਵੱਲੋਂ ਨਿਭਾਈ ਗਈ, ਜਿਸ ਵਿੱਚ ਧੀਆਂ ਦੀਆਂ ਮਾਤਾਵਾਂ ਵਿਸ਼ੇਸ਼ ਮਹਿਮਾਨ ਤੇ ਪੰਜਾਬ ਕਲਾ ਮੰਚ ਦੇ ਮੈਂਬਰਾਂ ਵੱਲੋਂ ਲੋਹੜੀ ਵਿੱਚ ਤਿਲ ਪਾ ਕੇ ਮੱਥਾ ਟੇਕਿਆ । ਇਸ ਉਪਰੰਤ ਵਰਕਰ ਨਰੇਸ਼ ਕੁਮਾਰੀ ਵੱਲੋਂ ਕਵਿਤਾ ਬੱਲੇ-ਬੱਲੇ ਧੀਆਂ ਦੀ ਲੋਹੜੀ ਮਨਾਈਏ, ਸਤਵਿੰਦਰ ਸਿੰਘ ਨੇ ਗਿਣ-ਗਿਣ ਤੋਪੇ ਪਾਵਾਂ, ਜਾਮਣ ਦੀ ਛਾਂ ਹੇਠਾਂ ਨੀ ਮੈਂ ਪੀੜ੍ਹਾ ਡਾਵਾਂ ਗੀਤ ਪੇਸ਼ ਕੀਤਾ । ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਵੱਲੋਂ ਧੀਆਂ ਦੀ ਲੋਹੜੀ ਮਨਾਉਣ ਸਬੰਧੀ ਚਾਨਣਾ ਪਾਇਆ ਗਿਆ ਕਿ ਲੋਹੜੀ ਮਨਾਉਣ ਦੀ ਰਸਮ ਜਨਵਰੀ 2006 ਤੋਂ ਸ਼ੁਰੂ ਕੀਤੀ ਕੀਤੀ ਹੋਈ ਜੋ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਮਨਾਉਂਦਾ ਆ ਰਿਹਾ ਹੈ ਅਤੇ ਹੁਣ ਤੱਕ 408 ਨਵਜੰਮੀਆਂ ਧੀਆਂ ਦੀ ਲੋਹੜੀ ਮਨਾ ਚੁੱਕੇ ਹਨ । ਜਟਾਣਾ ਨੇ ਲੋਹੜੀ ਦੀ ਮਹੱਤਤਾ ਧੀਆਂ ਦਾ ਸਤਿਕਾਰ ਦੁੱਲਾ ਭੱਟੀ ਇਤਿਹਾਸ ਪੇਸ਼ ਕਰਨ ਉਪਰੰਤ ਕਿਹਾ ਕਿ ਨਵ ਜੰਮੀਆ ਧੀਆਂ ਦੀ ਲੋੜਹੀ ਮਨਾਉਣੀ ਓਨੀ ਹੀ ਜ਼ਰੂਰੀ ਹੈ ਜਿੰਨੀ ਕਿ ਪੁੱਤਰਾਂ ਦੀ ਪਰ ਇਸ ਕਾਰਜ ਵਿੱਚ ਪੰਜਾਬ ਕਲਾ ਮੰਚ ਨੇ ਸ਼ਾਮਿਲ ਹੋ ਕੇ ਧੀਆਂ ਦਾ ਮਾਣ ਵਧਾਇਆ ਹੈ ।ਇਸ ਮੌਕੇ ਡਾ. ਰਾਜਪਾਲ ਸਿੰਘ ਚੌਧਰੀ, ਆਸ਼ਾ ਵਰਕਰ ਬਲਜੀਤ ਕੌਰ, ਸਰਪੰਚ ਸੋਮ ਸਿੰਘ, ਗਿਆਨ ਸਿੰਘ,ਬਲਜੀਤ ਸਿੰਘ, ਮਨਮੋਹਣ ਸਿੰਘ,ਗੁਰਦਰਸ਼ਨ ਕੌਰ ਨਿਰਮਲਾ ਦੇਵੀ, ਸੁਖਜਿੰਦਰ ਕੌਰ ਅਤੇ ਗੁਰਵਿੰਦਰ ਕੌਰ ਆਦਿ ਹਾਜ਼ਰ ਸਨ।

ਟਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਹਾਦਸਿਆਂ ਤੋਂ ਬਚਿਆ ਜਾ ਸਕਦੈ : ਡੀ ਐਸ ਪੀ

ਫਗਵਾੜਾ (ਡਾ. ਰਮਨ)-ਟ੍ਰੈਫਿਕ ਪੁਲਸ ਫਗਵਾੜਾ ਵਲੋਂ ਸਕੂਲ ਆਫ ਅਮੀਨੋਸ ਫਗਵਾੜਾ ਵਿਖੇ ਚੱਲ ਰਹੇ ਫੁੱਟਬਾਲ ਲੀਗ ਮੈਚ ਦਾ ਉਦਘਾਟਨ ਡੀ ਐਸ ਪੀ ਫਗਵਾੜਾ ਭਰਤ ਭੂਸ਼ਨ ਨੇ ਕੀਤਾ ਅਤੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਣਕਾਰੀ ਦਿੰਦਿਆਂ ਆਖਿਆ ਕਿ ਟ੍ਰੈਫਿਕ ਨਿਯਮਾ